ADVERTISE YOUR BUSINESS HERE
+91-9878-55-2070

ਨਾ ਰੁਕੇ, ਨਾ ਝੁਕੇ

# ਸਭ ਤੋਂ ਫਾਸਟ ਆਹਮੋ-ਸਾਹਮਣੇ

SABSE FAST AAMNE SAAMNE

Rni No Punpun 2015/60599
22-28 February 2026
ਕੀਮਤ : 5 ਰੁਪਏ

ADVERTISE YOUR BUSINESS HERE
+91-9878-55-2070

ਸਾਲ 2026 / ਸੰਪਾਦਕ : ਐੱਸ. ਕੇ. ਸਕਸੈਨਾ / ਈ-ਮੇਲ : editoraamnesaamne@gmail.com/ ਮੋਬਾਈਲ : 9878552070, 9780802013

## ਮੋਦੀ ਵੱਲੋਂ 14 ਸਾਲਾ ਲੜਕੀਆਂ ਲਈ ਦੇਸ਼ ਵਿਆਪੀ ਟੀਕਾਕਰਨ ਮੁਹਿੰਮ ਦਾ ਆਗਾਜ਼

### ਰਾਜਸਥਾਨ ਦੇ ਅਜਮੇਰ ਤੋਂ ਹੋਈ ਵਾਇਰਸ ਖ਼ਿਲਾਫ਼ ਸ਼ੁਰੂਆਤ

ਅਜਮੇਰ, ਏਜੰਸੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਸਥਾਨ ਦੇ ਅਜਮੇਰ ਤੋਂ 14 ਸਾਲਾ ਲੜਕੀਆਂ ਲਈ ਦੇਸ਼ ਵਿਆਪੀ ਹਿਊਮਨ ਪੈਪੀਲੋਮਾ ਵਾਇਰਸ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕੀਤੀ। ਸਰਵਾਈਕਲ ਕੈਂਸਰ ਵਿਰੁੱਧ ਇਹ ਮੁਹਿੰਮ ਰਸਮੀ ਤੌਰ ’ਤੇ ਅਜਮੇਰ ਦੇ ਕਾਇਆਡ ਵਿੱਚ ਰੱਖੇ ਇੱਕ ਪ੍ਰੋਗਰਾਮ ਦੌਰਾਨ ਸ਼ੁਰੂ ਕੀਤੀ ਗਈ, ਜਿੱਥੇ ਕਈ ਲੜਕੀਆਂ ਨੂੰ ਇਹ ਟੀਕਾ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਨੇ ਵੈਕਸੀਨ ਲਗਵਾਉਣ ਵਾਲਿਆਂ ਨਾਲ ਗੱਲਬਾਤ ਵੀ ਕੀਤੀ ਅਧਿਕਾਰੀਆਂ ਅਨੁਸਾਰ, ਇਸ ਮੁਹਿੰਮ ਤਹਿਤ ਸਿੰਗਲ-ਡੋਜ਼ ’ਗਾਰਡਾਸਿਲ 4’ ਵੈਕਸੀਨ, ਜੋ ਕਿ ਇੱਕ ਕਵਾਡਰੀਵੈਲੈਂਟ HPV ਵੈਕਸੀਨ ਹੈ, ਦੀ ਵਰਤੋਂ ਕੀਤੀ ਜਾਵੇਗੀ। ਇਹ ਇੰਜੈਕਸ਼ਨ HPV ਟਾਈਪ 16 ਅਤੇ 18 ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ, ਜੋ ਸਰਵਾਈਕਲ ਕੈਂਸਰ ਲਈ ਜ਼ਿੰਮੇਵਾਰ ਹਨ, ਨਾਲ ਹੀ ਟਾਈਪ 6 ਅਤੇ 11 ਤੋਂ ਵੀ ਬਚਾਅ ਕਰਦਾ ਹੈ। ਕੇਂਦਰੀ ਸਿਹਤ ਮੰਤਰਾਲੇ ਨੇ 25 ਫਰਵਰੀ ਨੂੰ ਸਾਰੇ ਸੂਬਿਆਂ ਨੂੰ ਭੇਜੀ ਇੱਕ ਅਧਿਕਾਰਤ ਸੂਚਨਾ ਵਿੱਚ ਕਿਹਾ, ÷ਦੇਸ਼ ਭਰ ਦੀਆਂ ਸਾਰੀਆਂ 14 ਸਾਲਾ ਲੜਕੀਆਂ ਨੂੰ ਸਰਕਾਰੀ ਸਿਹਤ ਸਹੂਲਤਾਂ ਵਿੱਚ ’ਗਾਰਡਾਸਿਲ 4’ ਵੈਕਸੀਨ ਦੀ ਇੱਕ ਡੋਜ਼ ਦਿੱਤੀ ਜਾਵੇਗੀ, ਜਿਸ ਵਿੱਚ ਆਯੁਸ਼ਮਾਨ ਅਰੋਗਿਆ ਮੰਦਰ (ਪ੍ਰਾਇਮਰੀ ਹੈਲਥ ਸੈਂਟਰ), ਕਮਿਊਨਿਟੀ ਹੈਲਥ ਸੈਂਟਰ, ਸਬ-ਡਿਸਟ੍ਰਿਕਟ ਅਤੇ ਜ਼ਿਲ੍ਹਾ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਸ਼ਾਮਲ ਹਨ।

## 8.3 ਕਰੋੜ ਦੇ ਬਾਂਡ ’ਤੇ ਰਿਹਾਅ ਹੋਈ ਕਾਨਪੁਰ ਹਾਦਸੇ ਵਾਲੀ ਲੈਂਬੋਰਗਿਨੀ

ਕਾਨਪੁਰ, ਏਜੰਸੀ

### ਕਾਨਪੁਰ ਲੈਂਬੋਰਗਿਨੀ ਹਾਦਸੇ ਵਿੱਚ ਛੇ ਲੋਕ ਹੋਏ ਸਨ ਜ਼ਖਮੀ

ਕਾਨਪੁਰ ਵਿੱਚ ਇੱਕ ਹਾਦਸੇ ਤੋਂ ਬਾਅਦ ਜ਼ਬਤ ਕੀਤੀ ਲਗਜ਼ਰੀ ਲੈਂਬੋਰਗਿਨੀ ਸਪੋਰਟਸ ਕਾਰ ਨੂੰ 8.30 ਕਰੋੜ ਰੁਪਏ ਦੇ ਜ਼ਮਾਨਤੀ ਬਾਂਡ ’ਤੇ ਰਿਹਾਅ ਕਰ ਦਿੱਤਾ ਗਿਆ ਹੈ। ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਨੇ ਲੈਂਬੋਰਗਿਨੀ ਰੇਵੁਏਲਟੋ ਨੂੰ ਰਿਹਾਅ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਵਾਹਨ ਨੂੰ ਰਿਹਾਅ ਕਰਨ ਦਾ ਨਿਰਦੇਸ਼ ਦੇਣ ਤੋਂ ਪਹਿਲਾਂ ਪੁਲੀਸ ਅਤੇ ਤਕਨੀਕੀ ਮਾਹਿਰਾਂ ਦੀ ਮਕੈਨੀਕਲ ਰਿਪੋਰਟ ਦੀ ਜਾਂਚ ਕੀਤੀ ਸੀ। ਅਦਾਲਤ ਨੇ ਕੁਝ ਸ਼ਰਤਾਂ ਵੀ ਤੈਅ ਕੀਤੀਆਂ ਹਨ, ਜਿਨ੍ਹਾਂ ਵਿੱਚ ਕਾਰ ਦੇ ਮਾਲਕ ਵੱਲੋਂ ਇੱਕ ਅੰਡਰਟੇਕਿੰਗ (ਸਹਿਮਤੀ ਪੱਤਰ) ਜਮ੍ਹਾਂ ਕਰਵਾਉਣਾ ਸ਼ਾਮਲ ਹੈ। ਇਸ ਮਾਮਲੇ ਵਿੱਚ ਇਸ ਤੋਂ ਪਹਿਲਾਂ ਤੰਬਾਕੂ ਕਾਰੋਬਾਰੀ ਕੇ.ਕੇ. ਮਿਸ਼ਰਾ ਦੇ ਪੁੱਤਰ ਸ਼ਿਵਮ ਮਿਸ਼ਰਾ ਨੂੰ ਹਾਦਸੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਕਾਨੂੰਨੀ ਸਲਾਹਕਾਰ ਨੇ ਦਲੀਲ ਦਿੱਤੀ ਸੀ ਕਿ ਰਸਮੀ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਵਾਹਨ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸ ਲਗਜ਼ਰੀ ਗੱਡੀ ਨੂੰ 8 ਫਰਵਰੀ ਨੂੰ ਹੋਏ ਇੱਕ ਹਾਦਸੇ ਤੋਂ ਬਾਅਦ



ਜ਼ਬਤ ਕੀਤਾ ਗਿਆ ਸੀ, ਜਿਸ ਵਿੱਚ ਇਸ ਨੇ ਕਾਨਪੁਰ ਦੀ ਵੀਆਈਪੀ ਰੋਡ ’ਤੇ ਇੱਕ ਆਟੋ-ਰਿਕਸ਼ਾ ਅਤੇ ਇੱਕ ਮੋਟਰਸਾਈਕਲ ਨੂੰ ਟੱਕਰ ਮਾਰਨ ਤੋਂ ਬਾਅਦ ਇੱਕ ਖੰਬੇ ਵਿੱਚ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ ਛੇ ਲੋਕ ਜ਼ਖ਼ਮੀ ਹੋ ਗਏ ਸਨ। ਜ਼ਬਤ ਕੀਤੇ ਜਾਣ ਤੋਂ ਬਾਅਦ ਕਾਰ ਗਵਾਲਟੋਲੀ ਪੁਲੀਸ ਸਟੇਸ਼ਨ ਵਿੱਚ ਰੱਖੀ ਗਈ ਸੀ।

## ਪਿਛਲੀਆਂ ਸਰਕਾਰਾਂ ਨੇ ਸਾਡੇ ’ਤੇ ‘ਚਿੱਟਾ ਕਲੰਕ’ ਛੱਡਿਆ : ਮੁੱਖ ਮੰਤਰੀ ਮਾਨ

### ਕਿਹਾ, ਗੁਰਦਾਸਪੁਰ ਵਿੱਚ ਹੋਮ ਗਾਰਡ ਜਵਾਨ ਅਤੇ ਏਐਸਆਈ ਦਾ ਕਤਲ ਪਾਕਿਸਤਾਨ ਸਪਾਂਸਰ

ਐਸ. ਕੇ. ਸਕਸੈਨਾ



ਗੁਰਦਾਸਪੁਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਕਿਹਾ ਕਿ ਗੁਰਦਾਸਪੁਰ ਦੇ ਸਰਹੱਦੀ ਪਿੰਡ ਵਿੱਚ ਹੋਮ ਗਾਰਡ ਜਵਾਨ ਅਤੇ ਇੱਕ ਏਐਸਆਈ ਦਾ ਕਤਲ ਪਾਕਿਸਤਾਨ ਵੱਲੋਂ ਸਪਾਂਸਰਡ ਸੀ। ਉਹ ਜਲੰਧਰ ਦੇ ਪੀਏਪੀ ਗਰਾਊਂਡ ਵਿੱਚ ਪੰਜਾਬ ਪੁਲੀਸ ਦੇ ਨਵੇਂ ਭਰਤੀ ਹੋਏ ਜਵਾਨਾਂ ਦੀ ਪਾਸਿੰਗ ਆਊਟ ਪਰੇਡ ਤੋਂ ਬਾਅਦ ਉਨ੍ਹਾਂ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪੁਲੀਸ ਨੇ ਤਿੰਨਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਜਿਸ ਨੇ ਪੁਲੀਸ ’ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪੁਲੀਸ ਨੇ ਬਾਕੀ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ ਦੇ ਸਬੰਧ ਪਾਕਿਸਤਾਨ ਨਾਲ ਸਨ ਅਤੇ ਦੁਸ਼ਮਣ ਦੇਸ਼ ਪੰਜਾਬ ਰਾਹੀਂ ਭਾਰਤ ਨੂੰ ਪਰੇਸ਼ਾਨ ਕਰਦਾ ਰਹਿੰਦਾ ਹੈ, ਇਸੇ ਲਈ ਪੰਜਾਬ ਪੁਲੀਸ ਸਿਰਫ਼ ਪੰਜਾਬ ਦੀ ਹੀ ਨਹੀਂ, ਸਗੋਂ ਪੂਰੇ ਦੇਸ਼ ਦੀ ਸੇਵਾ ਕਰਦੀ ਹੈ ਕਿਉਂਕਿ ਇਹ ਸਰਹੱਦਾਂ ਭਾਰਤ ਦੇ ਪ੍ਰਵੇਸ਼ ਦੁਆਰ ਵਾਂਗ ਹਨ। ਪਿਛਲੀਆਂ ਸਰਕਾਰਾਂ ’ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ, “ਉਨ੍ਹਾਂ ਨੇ ਸਾਡੇ ’ਤੇ ਇੱਕ ਕਲੰਕ ਛੱਡਿਆ ਹੈ, ਜਿਸ ਦਾ ਰੰਗ ਚਿੱਟਾ ਹੈ ਅਤੇ ਉਹ ਇਸ ਨੂੰ ’ਚਿੱਟਾ’ ਕਹਿੰਦੇ ਹਨ, ਪਰ ਅਸੀਂ ਇਸ ਵਿਰੁੱਧ ਪੂਰੀ ਜ਼ਿੰਮੇਵਾਰੀ ਨਾਲ ਲੜਾਂਗੇ ਅਤੇ ਅਸੀਂ ਆਮ ਲੋਕਾਂ ਦੀ ਮਦਦ ਨਾਲ ’ਯੁੱਧ ਨਸ਼ਿਆਂ ਵਿਰੁੱਧ’ ਦਾ ਦੂਜਾ ਸੰਸਕਰਣ ਸ਼ੁਰੂ ਕੀਤਾ ਹੈ।” ਉਨ੍ਹਾਂ ਸੜਕ ਸੁਰੱਖਿਆ ਫੋਰਸ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਵੀ ਜ਼ਿਕਰ ਕੀਤਾ ਹੈ ਕਿ ਪੰਜਾਬ ਵਿੱਚ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ 48 ਫੀਸਦੀ ਕਮੀ ਆਈ ਹੈ। ਮੁੱਖ ਮੰਤਰੀ ਨੇ ਪੁਲੀਸ ਜਵਾਨਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਪੰਜਾਬ ਪੁਲੀਸ ਅਪਰੇਸ਼ਨਾਂ ਦੌਰਾਨ 40-50 ਘੰਟੇ ਲਗਾਤਾਰ ਕੰਮ ਕਰਨ ਲਈ ਜਾਣੀ ਜਾਂਦੀ ਹੈ। ਇਸ ਮੌਕੇ ਮਾਨ ਦੇ ਨਾਲ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੀ ਮੌਜੂਦ ਸਨ ਅਤੇ ਡੀਜੀਪੀ ਪੰਜਾਬ ਨੇ ਦੱਸਿਆ ਕਿ ਪਿਛਲੇ ਚਾਰ ਸਾਲਾਂ ਵਿੱਚ 12,010 ਪੁਲੀਸ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ ਅਤੇ ਅਗਲੇ ਮਹੀਨੇ ਤੋਂ 1,900 ਹੋਰ ਜਵਾਨ ਸਿਖਲਾਈ ਲਈ ਸ਼ਾਮਲ ਹੋਣਗੇ, ਜਦਕਿ 3,400 ਹੋਰ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

## ਭਾਰਤ-ਅਮਰੀਕਾ ਵਪਾਰ ਸਮਝੌਤਾ ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ : ਰਾਹੁਲ ਗਾਂਧੀ

### ਬਰਨਾਲਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਲਾਇਆ ਨਿਸ਼ਾਨਾ

ਐੱਸ. ਕੇ. ਸਕਸੈਨਾ




ਬਰਨਾਲਾ, ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ਨਿਚਰਵਾਰ ਨੂੰ ਬਰਨਾਲਾ ਵਿੱਚ ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਨਿਸ਼ਾਨਾ ਸਾਧਦੇ ਹੋਏ ਦਾਅਵਾ ਕੀਤਾ ਕਿ ਇਹ ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ। ਇੱਥੇ ਕਿਸਾਨ ਮਹਾਚੌਪਾਲ ਰੈਲੀ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਦੋਸ਼ ਲਾਇਆ ਕਿ ਖੇਤੀਬਾੜੀ ਸੈਕਟਰ ਨੂੰ ਖੋਲ੍ਹਣ ਦੇ ਮਤਭੇਦਾਂ ਕਾਰਨ ਇਹ ਸੌਦਾ ਚਾਰ ਮਹੀਨਿਆਂ ਤੋਂ ਰੁਕਿਆ ਹੋਇਆ ਸੀ।

ਉਨ੍ਹਾਂ ਕਿਹਾ, ਸਵਾਲ ਪੈਦਾ ਹੁੰਦਾ ਹੈ, ਜੋ ਕੰਮ ਪ੍ਰਧਾਨ ਮੰਤਰੀ ਨੇ ਚਾਰ ਮਹੀਨਿਆਂ ਤੱਕ ਨਹੀਂ ਕੀਤਾ, ਉਹ ਉਨ੍ਹਾਂ ਨੇ 15 ਮਿੰਟਾਂ ਵਿੱਚ ਕਿਉਂ ਕਰ ਦਿੱਤਾ? ਅਤੇ ਪੁੱਛਿਆ ਕਿ ਵਪਾਰਕ ਸਮਝੌਤਾ ਅਚਾਨਕ ਕਿਉਂ ਕੀਤਾ ਗਿਆ। ਗਾਂਧੀ ਨੇ ਕਿਹਾ ਕਿ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਗਾਰੰਟੀ ਦਿੱਤੀ ਹੈ ਕਿ ਭਾਰਤ ਹਰ ਸਾਲ 9 ਲੱਖ ਕਰੋੜ ਰੁਪਏ ਦੇ ਅਮਰੀਕੀ ਉਤਪਾਦ ਖਰੀਦੇਗਾ। ਉਨ੍ਹਾਂ ਕਿਹਾ ਕਿ ਇਹ ਸੌਦਾ ÷ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ।÷ ਆਪਣੇ ਸੰਬੋਧਨ ਦੌਰਾਨ ਗਾਂਧੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਹਾਲ ਹੀ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਤੋਂ ਬਾਅਦ ਲੋਕ ਸਭਾ ਵਿੱਚ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਹ ਸਾਬਕਾ ਫੌਜ ਮੁਖੀ ਮਨੋਜ ਨਰਵਣੇ ਦੀਆਂ ਯਾਦਾਂ (ਮੈਮੋਇਰਜ਼) ’ਤੇ ਟਿੱਪਣੀ ਕਰਨਾ ਚਾਹੁੰਦੇ ਸਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਉਹ ਜਨਰਲ ਨਰਵਣੇ (ਸੇਵਾਮੁਕਤ) ਦੀ ਇੱਕ ਅਣਪ੍ਰਕਾਸ਼ਿਤ ਕਿਤਾਬ ਦਾ ਹਵਾਲਾ ਦੇਣਾ ਚਾਹੁੰਦੇ ਸਨ, ਜਿਸ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਉਸ ਵਿੱਚ ਸਰਹੱਦ ਨੇੜੇ ਚੀਨੀ ਫੌਜਾਂ ਦੀ ਹਰਕਤ ਦੌਰਾਨ ਸਿਆਸੀ ਲੀਡਰਸ਼ਿਪ ਵੱਲੋਂ ਹੁੰਗਾਰੇ ਦੀ ਕਮੀ ਦਾ ਵਰਣਨ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਕੈਬਨਿਟ, ਖੇਤੀਬਾੜੀ ਮੰਤਰੀ, ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਸਲਾਹ ਕੀਤੇ ਬਿਨਾਂ ਅਮਰੀਕੀ ਰਾਸ਼ਟਰਪਤੀ ਨੂੰ ਫੋਨ ਕਰ ਦਿੱਤਾ। ਗਾਂਧੀ ਨੇ ਕਿਹਾ ਕਿ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੱਸਿਆ ਕਿ ਉਹ ਸੌਦੇ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਸ ਸੌਦੇ ਤਹਿਤ ਭਾਰਤ ਨੇ ਅਮਰੀਕਾ ਨੂੰ ਸੋਇਆਬੀਨ, ਮੱਕੀ, ਕਪਾਹ, ਫਲ ਅਤੇ ਬਦਾਮ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ, ÷ਨਰਿੰਦਰ ਮੋਦੀ ਜੀ ਨੇ ਖੇਤੀਬਾੜੀ ਸੈਕਟਰ ਦਾ ਦਰਵਾਜ਼ਾ ਖੋਲ੍ਹ ਦਿੱਤਾ ਹੈ। ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਛੱਤੀਸਗੜ੍ਹ, ਓਡੀਸ਼ਾ ਦੇ ਸਾਰੇ ਰਾਜਾਂ ਦੇ ਕਿਸਾਨ ਬਰਬਾਦ ਹੋ ਜਾਣਗੇ।ਗਾਂਧੀ ਨੇ ਕਿਹਾ ਕਿ ਜੇਕਰ ਭਾਰਤ ਹਰ ਸਾਲ 9 ਲੱਖ ਕਰੋੜ ਰੁਪਏ ਦਾ ਸਾਮਾਨ ਖਰੀਦਦਾ ਹੈ, ਤਾਂ ਸਾਡੇ ਲਘੂ ਅਤੇ ਦਰਮਿਆਨੇ ਖੇਤਰ ਦਾ ਕੀ ਹੋਵੇਗਾ? ਉਨ੍ਹਾਂ ਦਾਅਵਾ ਕੀਤਾ ਕਿ ਇਹ ਖਤਮ ਹੋ ਜਾਵੇਗਾ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਪੀਐਮ ਮੋਦੀ ਨੇ ਅਮਰੀਕਾ ਨੂੰ ਦੱਸਿਆ ਕਿ ਭਾਰਤ ਉਸ ਦੇਸ਼ ਤੋਂ ਤੇਲ ਖਰੀਦੇਗਾ ਜਿਸ ਤੋਂ ਉਹ (ਅਮਰੀਕਾ) ਚਾਹੁੰਦਾ ਹੈ। ਗਾਂਧੀ ਨੇ ਅੱਗੇ ਕਿਹਾ, ÷ਨਾ ਅਸੀਂ ਰੂਸ ਤੋਂ ਤੇਲ ਖਰੀਦਾਂਗੇ, ਨਾ ਹੀ ਈਰਾਨ ਤੋਂ। ਜੇਕਰ ਤੁਸੀਂ (ਅਮਰੀਕਾ) ਸਾਨੂੰ ਵੈਨੇਜ਼ੁਏਲਾ, ਅਮਰੀਕਾ ਅਤੇ ਸਾਊਦੀ ਅਰਬ ਤੋਂ ਤੇਲ ਖਰੀਦਣ ਲਈ ਕਹੋਗੇ, ਤਾਂ ਭਾਰਤ ਦੀ ਪੂਰੀ ਊਰਜਾ ਸੁਰੱਖਿਆ ਖਤਮ ਹੋ ਗਈ ਹੈ।ਇਸ ਮੌਕੇ ਕੇ ਸੀ ਵੇਣੂਗੋਪਾਲ, ਭੁਪੇਸ਼ ਬਘੇਲ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਰਾਜਿੰਦਰ ਕੌਰ ਭੱਠਲ, ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਰੰਧਾਵਾ ਅਤੇ ਸੂਬੇ ਦੇ ਇੱਕ ਹੋਰ ਸੀਨੀਅਰ ਆਗੂ ਵਿਜੇ ਇੰਦਰ ਸਿੰਗਲਾ ਸਮੇਤ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ।




## ਪੀਐਮ ਮੋਦੀ ਹੁਣ ਟਰੰਪ ਅੱਗੇ ‘ਸਰੰਡਰ ਮੋਦੀ’ ਬਣ ਚੁੱਕੇ ਹਨ : ਮਲਿਕਾਰਜੁਨ ਖੜਗੇ

### ਕਾਂਗਰਸ ਦੀ ‘ਮਨਰੇਗਾ ਮਜ਼ਦੂਰ, ਕਿਸਾਨ ਬਚਾਓ’ ਰੈਲੀ

ਮਨਦੀਪ ਕੌਰ

ਬਰਨਾਲਾ, ਕਾਂਗਰਸ ਪਾਰਟੀ ਦੀ ਮਨਰੇਗਾ ਮਜ਼ਦੂਰ, ਕਿਸਾਨ ਬਚਾਓ ਰੈਲੀ ਸ਼ੁਰੂ ਹੋ ਚੁੱਕੀ ਹੈ। ਪਾਰਟੀ ਦੇ ਕੌਮੀ ਆਗੂ ਰਾਹੁਲ ਗਾਂਧੀ ਜਲਦ ਹੀ ਪੰਡਾਲ ਵਿੱਚ ਪਹੁੰਚ ਰਹੇ ਹਨ। ਸੁਖਪਾਲ ਸਿੰਘ ਖਹਿਰਾ ਨੇ ਆਪਣੇ ਸੰਬੋਧਨ ਵਿੱਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਨਿਸ਼ਾਨੇ ’ਤੇ ਰੱਖਦਿਆਂ ਕਿਹਾ ਕਿ ਸੂਬੇ ਦੀ ਸੱਤਾ ’ਤੇ ਬਾਹਰਲਿਆਂ ਦਾ ਕਬਜ਼ਾ ਹੈ। ਮਲਿਕਾਰਜੁਨ ਖੜਗੇ ਨੇ ਕਿਹਾ ਕਿ ਪੀਐਮ ਮੋਦੀ ਹੁਣ ਅਮਰੀਕੀ ਰਾਸ਼ਟਰਪਤੀ ਟਰੰਪ ਅੱਗੇ ’ਸਰੰਡਰ ਮੋਦੀ’ ਬਣ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਦੇਸ਼ ਨੂੰ ਮੁੜ ਗੁਲਾਮਦਾਰੀ ਦੇ ਯੁੱਗ ਵੱਲ ਧੱਕ ਰਹੇ ਹਨ। ਖੜਗੇ ਮੁਤਾਬਕ ਇਨ੍ਹਾਂ ਹਾਲਾਤਾਂ ਖ਼ ?ਲਾਫ਼ ਸਿਰਫ਼ ਰਾਹੁਲ ਗਾਂਧੀ ਹੀ ਮਜ਼ਬੂਤੀ ਨਾਲ ਲੜ ਸਕਦੇ ਹਨ। ਉਨ੍ਹਾਂ ਨੇ ਰਾਹੁਲ ਗਾਂਧੀ ਨੂੰ ਮੌਜੂਦਾ ਚੁਣੌਤੀਆਂ ਦਾ ਸਾਹਮਣਾ ਕਰਨ ਵਾਲਾ ਇੱਕੋ-ਇੱਕ ਮਜ਼ਬੂਤ ਆਗੂ ਦੱਸਿਆ। ਹੱਕਾਂ ਲਈ ਲੜਦੇ ਤੇ ਵਿਰੋਧੀ ਆਵਾਜ਼ਾਂ ਨੂੰ ਪੁਲਸੀਆ ਜਬਰ ਨਾਲ ਦਬਾਇਆ ਜਾ ਰਿਹਾ ਹੈ। ਸਾਬਕਾ ਮੰਤਰੀ ਅਰੁਣਾ ਚੌਧਰੀ ਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਮਨਰੇਗਾ ਕਾਨੂੰਨ ਦਾ ਖਾਤਮਾ ਕਰਕੇ ਵੀ ਬੀ ਜੀ ਰਾਮ ਜੀ ਨੂੰ ਮਜ਼ਦੂਰ ਵਿਰੋਧੀ ਗਰਦਾਨਿਆ ਤੇ ਇਸ ਦੇ ਖ਼ ?ਲਾਫ਼ ਸਮੁੱਚੀ ਕਿਰਤ ਸ਼ਕਤੀ ਨੂੰ ਸੜਕਾਂ ’ਤੇ ਆਉਣ ਦਾ ਸੱਦਾ ਦਿੱਤਾ। ਹਰਦਿਆਲ ਸਿੰਘ ਕੰਬੋਜ ਮੰਚ ਸੰਚਾਲਨ ਕਰ ਰਹੇ ਹਨ। ਸਾਬਕਾ ਮੰਤਰੀ ਗੁਰਜੀਤ ਸਿੰਘ ਰਾਣਾ, ਭਾਰਤ ਭੂਸ਼ਣ ਆਸ਼ੂ, ਸੰਸਦ ਮੈਂਬਰ ਅਮਰ ਸਿੰਘ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਪਰਗਟ ਸਿੰਘ, ਅਨਿਲ ਜੋਸ਼ੀ, ਜੀਤਮਹਿੰਦਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ ਆਦਿ ਸਮੇਤ ਵੱਡੀ ਗਿਣਤੀ ਸੂਬਾ ਆਗੂ ਮੰਚ ’ਤੇ ਬਿਰਾਜਮਾਨ ਹਨ। ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ,ਸਾਬਕਾ ਮੁੱਖ ਮੰਤਰੀ ਪੰਜਾਬ ਬੀਬੀ ਰਜਿੰਦਰ ਕੌਰ ਭੱਠਲ, ਐੱਲ ਓ ਪੀ ਪ੍ਰਤਾਪ ਸਿੰਘ ਬਾਜਵਾ, ਪੰਜਾਬ ਇੰਚਾਰਜ ਬਘੇਲ, ਵਿਜੈਇੰਦਰ ਸਿੰਗਲਾ, ਜਸਬੀਰ ਸਿੰਘ ਡਿੰਪਾ, ਸੁਖ ਸਰਕਾਰੀਆ ਤੇ ਗੁਰਕੀਰਤ ਸਿੰਘ ਕੋਟਲੀ ਮੰਚ ’ਤੇ ਹਾਜ਼ਰ।

## ਪਾਵਰਕੌਮ ਦੀਆਂ ਜਾਇਦਾਦਾਂ ਵੇਚਣ ’ਤੇ ਲੱਗੀ ਰੋਕ ਵਧੀ

### ਪੁੱਡਾ ਵੱਲੋਂ ਮਾਮਲੇ ਵਿੱਚ ਭੂਮਿਕਾ ਤੋਂ ਇਨਕਾਰ

ਕੈਪਟਨ ਸੁਭਾਸ਼ ਚੰਦਰ ਸ਼ਰਮਾ

ਚੰਡੀਗੜ੍ਹ,ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਾਵਰਕੌਮ ਦੀ ਮਲਕੀਅਤ ਵਾਲੀ ਜਾਇਦਾਦ ਵੇਚਣ ’ਤੇ ਲੱਗੀ ਅੰਤਰਿਮ ਰੋਕ ਦੋ ਹਫ਼ਤੇ ਲਈ ਵਧਾ ਦਿੱਤੀ ਹੈ। ਲੋਕ ਹਿਤ ਪਟੀਸ਼ਨ ’ਤੇ ਹੁਣ ਅਗਲੀ ਸੁਣਵਾਈ 13 ਮਾਰਚ ਨੂੰ ਹੋਵੇਗੀ। ਹਫ਼ਤਾ ਪਹਿਲਾਂ ਹਾਈ ਕੋਰਟ ਨੇ ਪਾਵਰਕੌਮ ਦੀਆਂ ਸੰਪਤੀਆਂ ਵੇਚਣ ਉੱਤੇ ਰੋਕ ਲਗਾ ਦਿੱਤੀ ਸੀ। ਚੀਫ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਇਹ ਅੰਤਰਿਮ ਰੋਕ 13 ਮਾਰਚ ਤੱਕ ਵਧਾ ਦਿੱਤੀ ਹੈ। ਪਾਵਰਕੌਮ ਦੀਆਂ ਜਾਇਦਾਦਾਂ ਵੇਚਣ ਖ਼ ?ਲਾਫ਼ ਹਾਈ ਕੋਰਟ ਵਿੱਚ ਲੋਕ ਹਿਤ ਪਟੀਸ਼ਨ ਦਾਖ਼ਲ ਕੀਤੀ ਗਈ ਸੀ। ਇਸੇ ਦੌਰਾਨ ਪਾਵਰਕੌਮ ਨੇ ਪਟਿਆਲਾ ਦੀ ਬਡੂੰਗਰ ਸਾਈਟ ਦੀ 50 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰ ਦਿੱਤੀ, ਜਿਸ ਦੇ ਹਵਾਲੇ ਨਾਲ ਐਡਵੋਕੇਟ ਬਲਤੇਜ ਸਿੰਘ ਸਿੱਧੂ ਨੇ ਅਦਾਲਤ ’ਚ ਨਵੀਂ ਅਰਜ਼ੀ ਦਾਇਰ ਕੀਤੀ ਸੀ। ਡਿਵੀਜ਼ਨ ਬੈਂਚ ਨੇ ਇਸ ਅਰਜ਼ੀ ’ਤੇ ਸੁਣਵਾਈ ਮਗਰੋਂ ਜਾਇਦਾਦਾਂ ਤਬਦੀਲ ਕੀਤੇ ਜਾਣ ’ਤੇ ਪਹਿਲਾਂ 24 ਫਰਵਰੀ ਤੱਕ ਰੋਕ ਲਗਾਈ ਸੀ। ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਅੱਜ ਸਰਕਾਰ ਦਾ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਤਿੰਨ ਦਹਾਕੇ ਪੁਰਾਣੀ ਨੀਤੀ ਦੇ ਆਧਾਰ ’ਤੇ ਜਾਇਦਾਦ ਤਬਦੀਲ ਕੀਤੀ ਗਈ ਹੈ। ਇਹ ਜਾਇਦਾਦ ਵੇਚੀ ਨਹੀਂ ਬਲਕਿ ਰਿਹਾਇਸ਼ੀ ਤੇ ਵਪਾਰਕ ਵਿਕਾਸ ਦੇ ਮਕਸਦ ਤਹਿਤ ਤਬਦੀਲ ਕੀਤੀ ਗਈ ਹੈ। ਪਟੀਸ਼ਨ ’ਚ ਨੀਤੀ ਨੂੰ ਨਹੀਂ, ਪੰਜਾਬ ਸਰਕਾਰ ਦੇ ਜਾਇਦਾਦ ਤਬਦੀਲ ਕਰਨ ਵਾਲੇ ਪ੍ਰਸ਼ਾਸਕੀ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਐਡਵੋਕੇਟ ਬਲਤੇਜ ਸਿੰਘ ਸਿੱਧੂ ਨੇ ਇਨ੍ਹਾਂ ਦਲੀਲਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਪਾਵਰਕੌਮ ਨੂੰ ਬਕਾਏ ਨਹੀਂ ਤਾਰ ਰਹੀ, ਉਲਟਾ ਉਸੇ ਪਾਵਰਕੌਮ ਦੀ ਜਾਇਦਾਦ ਵੇਚਣ ਦੇ ਰਾਹ ਪਈ ਹੈ। ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਜਾਣ ਕਿ ਉਹ ਸਰਕਾਰੀ ਬਿੱਲਾਂ ਅਤੇ ਸਬਸਿਡੀ ਦੇ ਬਕਾਏ ਤਾਰੇ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਇਸ ਕੇਸ ਵਿੱਚ ਅਜੇ ਤੱਕ ਆਪਣਾ ਜਵਾਬ ਦਾਇਰ ਨਹੀਂ ਕੀਤਾ ਜਦੋਂਕਿ ਪੁੱਡਾ ਨੇ ਆਪਣੇ ਜਵਾਬ ਦਾਅਵੇ ਵਿੱਚ ਕਿਹਾ ਕਿ ਉਹ ਨੋਡਲ ਏਜੰਸੀ ਹੈ ਅਤੇ ਜਾਇਦਾਦ ਤਬਦੀਲ ਕੀਤੇ ਜਾਣ ਦੇ ਮਾਮਲੇ ’ਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ। ਉਧਰ, ਪਾਵਰਕੌਮ ਨੇ ਇਸ ਮਾਮਲੇ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਐਡਵੋਕੇਟ ਜਨਰਲ ਨੇ ਆਪਣੀਆਂ ਦਲੀਲਾਂ ’ਚ ਕਿਹਾ ਕਿ ਇਹ ਮਾਮਲਾ ਲੋਕ ਹਿਤ ਦਾ ਨਹੀਂ ਬਲਕਿ ਖ਼ਬਰ ਨੂੰ ਆਧਾਰ ਬਣਾਇਆ ਗਿਆ ਹੈ। ਬੇਦੀ ਨੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੇ ਹਵਾਲੇ ਨਾਲ ਕਿਹਾ ਕਿ ਇਹ ਮਾਮਲਾ ਜਨਤਕ ਹਿਤ ਦੇ ਦਾਇਰੇ ’ਚ ਨਹੀਂ ਆਉਂਦਾ ਹੈ ਅਤੇ ਨੀਤੀਗਤ ਫ਼ੈਸਲੇ ’ਚ ਲੋਕ ਹਿਤ ਪਟੀਸ਼ਨ ਨਾਲ ਦਖ਼ਲ ਨਹੀਂ ਦਿੱਤਾ ਜਾ ਸਕਦਾ ਹੈ। ਅਦਾਲਤ ਨੇ ਨਿਯਮਾਂ ਦੇ ਹਵਾਲੇ ਨਾਲ ਇਹ ਮਾਮਲਾ ਜਨਤਕ ਹਿਤ ਦੇ ਦਾਇਰੇ ’ਚ ਆਉਣ ਦੀ ਗੱਲ ਕਹੀ।




## ਪਾਕਿ ਵੱਲੋਂ ਅਫ਼ਗਾਨਿਸਤਾਨ ਨਾਲ ‘ਖੁੱਲ੍ਹੀ ਜੰਗ’ ਦਾ ਐਲਾਨ

### ਦੋਵਾਂ ਮੁਲਕਾਂ ਵੱਲੋਂ ਇਕ-ਦੂਜੇ ਦੇ ਨੁਕਸਾਨ ਦਾ ਦਾਅਵਾ; ਹਮਲੇ ਜਾਰੀ

ਇਸਲਾਮਾਬਾਦ, ਏਜੰਸੀ



ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਨੇ ਕਿਹਾ ਕਿ “ਸਾਡੇ ਦੇਸ਼ ਦਾ ਧੀਰਜ ਹੁਣ ਜਵਾਬ ਦੇ ਚੁੱਕਾ ਹੈ” ਤੇ ਅਫ਼ਗਾਨਿਸਤਾਨ ਖ਼ ?ਲਾਫ਼ ‘ਖੁੱਲ੍ਹੀ ਜੰਗ’ ਜਾਰੀ ਹੈ। ਇਸਲਾਮਾਬਾਦ ਨੇ ਦਾਅਵਾ ਕੀਤਾ ਸੀ ਕਿ ਅਫ਼ਗਾਨਿਸਤਾਨ ਵੱਲੋਂ ਸਰਹੱਦ ਪਾਰੋਂ ਹਮਲਾ ਕੀਤਾ ਗਿਆ ਜਿਸ ਤੋਂ ਬਾਅਦ ਉਸ ਨੇ ਜਵਾਬੀ ਕਾਰਵਾਈ ਕੀਤੀ ਤੇ ਦੋਵਾਂ ਪਾਸਿਓਂ ਹਮਲੇ ਸ਼ੁਰੂ ਹੋ ਗਏ।

ਰੱਖਿਆ ਮੰਤਰੀ ਨੇ ‘ਐਕਸ’ ਉਤੇ ਪਾਈ ਪੋਸਟ ਵਿਚ ਕਿਹਾ, “ਪਾਕਿਸਤਾਨ ਨੂੰ ਆਸ ਸੀ ਕਿ ਨਾਟੋ ਬਲਾਂ ਦੇ ਵਾਪਸ ਜਾਣ ਤੋਂ ਬਾਅਦ ਅਫ਼ਗਾਨਿਸਤਾਨ ਵਿਚ ਸ਼ਾਂਤੀ ਕਾਇਮ ਹੋਵੇਗੀ ਤੇ ਤਾਲਿਬਾਨ ਅਫ਼ਗਾਨਿਸਤਾਨ ਦੀ ਜਨਤਾ ਦੀ ਭਲਾਈ ਤੇ ਖੇਤਰੀ ਸਥਿਰਤਾ ਉਤੇ ਧਿਆਨ ਦੇਵੇਗਾ...।” ਆਸਿਫ ਦੀਆਂ ਟਿੱਪਣੀਆਂ ਉਤੇ ਅਫ਼ਗਾਨਿਸਤਾਨ ਸਰਕਾਰ ਦੇ ਅਧਿਕਾਰੀਆਂ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਪਾਕਿਸਤਾਨੀ ਅਧਿਕਾਰੀਆਂ ਤੇ ਅਫ਼ਗਾਨਿਸਤਾਨ ਸਰਕਾਰ ਦੇ ਬੁਲਾਰੇ ਅਨੁਸਾਰ, ਪਾਕਿਸਤਾਨ ਨੇ ਅਫ਼ਗਾਨ ਰਾਜਧਾਨੀ ਕਾਬੁਲ, ਦੱਖਣ ਵਿਚ ਕੰਧਾਰ ਤੇ ਦੱਖਣ-ਪੂਰਬ ਵਿਚ ਪਕਤਿਆ ਸੂਬੇ ਉਤੇ ਹਵਾਈ ਹਮਲੇ ਕੀਤੇ ਹਨ। ਪਾਕਿਸਤਾਨ ਦਾ ਕਹਿਣਾ ਹੈ ਕਿ ਇਹ ਹਮਲੇ ਅਫ਼ਗਾਨਿਸਤਾਨ ਵੱਲੋਂ ਕੀਤੇ ਗਏ ਹਮਲਿਆਂ ਦੇ ਜਵਾਬ ਵਿਚ ਕੀਤੇ ਗਏ ਹਨ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਇਕ-ਦੂਜੇ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਹਾਲਾਂਕਿ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ। ਅਫ਼ਗਾਨਿਸਤਾਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ 55 ਪਾਕਿਸਤਾਨੀ ਸੈਨਿਕ ਮਾਰੇ ਗਏ ਹਨ, ਕਈ ਹੋਰਾਂ ਨੂੰ ‘ਫੜ ਲਿਆ ਗਿਆ ਹੈ।’ ਉਨ੍ਹਾਂ ਪਾਕਿਸਤਾਨੀ ਸੈਨਾ ਦੀਆਂ ਚੌਕੀਆਂ ਤੇ ਸੈਨਿਕ ਟਿਕਾਣਿਆਂ ਨੂੰ ਨੁਕਸਾਨ ਪਹੁੰਚਾਉਣ ਦਾ ਦਾਅਵਾ ਵੀ ਕੀਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦੇ ਬੁਲਾਰੇ ਨੇ ਕਿਹਾ ਕਿ ਅਫ਼ਗਾਨਿਸਤਾਨ ਦੇ 133 ਲੜਾਕੇ ਮਾਰੇ ਗਏ ਹਨ ਤੇ 200 ਤੋਂ ਵੱਧ ਫੱਟੜ ਹਨ।

**ਚੀਨ ਤੇ ਰੂਸ ਵੱਲੋਂ ਗੋਲੀਬੰਦੀ ਦੀ ਅਪੀਲ**-ਮਾਸਕੋ/ਪੇਈਚਿੰਗ: ਰੂਸ ਤੇ ਚੀਨ ਨੇ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨੂੰ ਟਕਰਾਅ ਖ਼ਤਮ ਕਰਨ ਤੇ ਕੂਟਨੀਤਕ ਮਾਧਿਅਮਾਂ ਰਾਹੀਂ ਆਪਣੇ ਵਖਰੇਵੇਂ ਸੁਲਝਾਉਣ ਦਾ ਸੱਦਾ ਦਿੱਤਾ ਹੈ। ਰੂਸੀ ਵਿਦੇਸ਼ ਮੰਤਰਾਲੇ ਨੇ ‘ਅਚਾਨਕ ਟਕਰਾਅ’ ਵਧਣ ’ਤੇ ਚਿੰਤਾ ਜਤਾਈ ਹੈ। ਚੀਨ ਨੇ ਦੋਵਾਂ ਮੁਲਕਾਂ ਨੂੰ ਗੋਲੀਬੰਦੀ ਦਾ ਸੱਦਾ ਦਿੱਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਆਪਣੇ ਮਾਧਿਅਮਾਂ ਰਾਹੀਂ ਦੋਵਾਂ ਮੁਲਕਾਂ ’ਚ ਗੋਲੀਬੰਦੀ ਕਰਵਾਉਣ ਦਾ ਯਤਨ ਕਰ ਰਹੇ ਹਨ।

## ਸੰਪਾਦਕੀ

# ਭਵਿੱਖ ਦੀ ਭਾਲ



ਜਿਵੇਂ-ਜਿਵੇਂ ਅਸੀਂ 2026 ਵਿੱਚੋਂ ਲੰਘ ਰਹੇ ਹਾਂ, ਸਾਹਿਤ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦਾ ਇੰਟਰਸੈਕਸ਼ਨ ਵਿਗਿਆਨ ਗਲਪ ਦੇ ਖੇਤਰ ਤੋਂ ਪਰੇ ਲੇਖਕਾਂ, ਵਿਦਵਾਨਾਂ ਅਤੇ ਪਾਠਕਾਂ ਦੇ ਰੋਜ਼ਾਨਾ ਅਭਿਆਸ ਵਿੱਚ ਆ ਗਿਆ ਹੈ। ਗੱਲਬਾਤ ਹੁਣ ਇਸ ਬਾਰੇ ਨਹੀਂ ਹੈ ਕਿ ਕੀ ਏਆਈ ਸਾਹਿਤ ਨੂੰ ਬਦਲ ਦੇਵੇਗਾ, ਸਗੋਂ ਅਸੀਂ ਤਕਨੀਕੀ ਨਵੀਨਤਾ ਅਤੇ ਕਹਾਣੀ ਸੁਣਾਉਣ ਵਿੱਚ ਮਨੁੱਖੀ ਆਤਮਾ ਦੀ ਸੰਭਾਲ ਵਿਚਕਾਰ ਸੰਤੁਲਨ ਕਿਵੇਂ ਬਣਾ ਸਕਦੇ ਹਾਂ। ÷ਲੇਖਕ-ਏਜੈਂਟ÷ ਦਾ ਵਿਕਾਸ 2026 ਵਿੱਚ, ਲੇਖਕ ਦੀ ਭੂਮਿਕਾ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਆਈ ਹੈ। ਅਸੀਂ ਸਧਾਰਨ ÷ਕੋਪਾਇਲਟ÷ ਤੋਂ ਅੱਗੇ ਵਧ ਕੇ ਏਜੰਟਿਕ ਏਆਈ—ਸਿਸਟਮਜ਼ ਵੱਲ ਚਲੇ ਗਏ ਹਾਂ ਜੋ ਸੁਤੰਤਰ ਦਿਮਾਗੀ ਧੜਕਣ, ਵਿਸ਼ਵ-ਨਿਰਮਾਣ ਅਤੇ ਢਾਂਚਾਗਤ ਵਿਸ਼ਲੇਸ਼ਣ ਦੇ ਸਮਰੱਥ ਹਨ। ਸਾਹਿਤ ਅਤੇ ਤਕਨਾਲੋਜੀ ਵਿਚਕਾਰ ਸਬੰਧ ਹਮੇਸ਼ਾ ਗਤੀਸ਼ੀਲ ਰਹੇ ਹਨ। ਪ੍ਰਿੰਟਿੰਗ ਪ੍ਰੈਸ ਤੋਂ ਲੈ ਕੇ ਡਿਜੀਟਲ ਪ੍ਰਕਾਸ਼ਨ ਤੱਕ, ਹਰੇਕ ਤਕਨੀਕੀ ਤਬਦੀਲੀ ਨੇ ਕਹਾਣੀਆਂ ਨੂੰ ਲਿਖਣ, ਵੰਡਣ ਅਤੇ ਪੜ੍ਹਨ ਦੇ ਤਰੀਕੇ ਨੂੰ ਮੁੜ ਆਕਾਰ ਦਿੱਤਾ ਹੈ। ਅੱਜ, ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਹੁਣ ਤੱਕ ਦੀ ਸਭ ਤੋਂ ਵੱਧ ਪਰਿਵਰਤਨਸ਼ੀਲ ਸ਼ਕਤੀ ਨੂੰ ਦਰਸਾਉਂਦੀ ਹੈ, ਜੋ ਰਚਨਾਤਮਕਤਾ, ਲੇਖਕ, ਨੈਤਿਕਤਾ ਅਤੇ ਕਹਾਣੀ ਸੁਣਾਉਣ ਦੇ ਭਵਿੱਖ ਬਾਰੇ ਡੂੰਘੇ ਸਵਾਲ ਖੜ੍ਹੇ ਕਰਦੀ ਹੈ। ਏਆਈ ਨੂੰ ਇੱਕ ਖ਼ਤਰਾ ਜਾਂ ਚਮਤਕਾਰ ਵਜੋਂ ਦੇਖਣ ਦੀ ਬਜਾਏ, ਸਾਡੇ ਸਾਹਮਣੇ ਚੁਣੌਤੀ ਇੱਕ ਸੰਤੁਲਿਤ ਭਵਿੱਖ ਬਣਾਉਣਾ ਹੈ ਜਿੱਥੇ ਮਨੁੱਖੀ ਕਲਪਨਾ ਅਤੇ ਮਸ਼ੀਨ ਬੁੱਧੀ ਇੱਕ ਦੂਜੇ ਦੇ ਪੂਰਕ ਹੋਣ। ਏਆਈ-ਸੰਚਾਲਿਤ ਲਿਖਣ ਦੇ ਸਾਧਨ ਸਕਿੰਟਾਂ ਵਿੱਚ ਕਵਿਤਾਵਾਂ, ਕਹਾਣੀਆਂ, ਲੇਖ ਅਤੇ ਇੱਥੋਂ ਤੱਕ ਕਿ ਨਾਵਲ ਵੀ ਤਿਆਰ ਕਰ ਸਕਦੇ ਹਨ। ਐਲਿਸ ਅਤੇ ਸਪਾਰਕਲ ਵਰਗੀਆਂ ਰਚਨਾਵਾਂ ਦਰਸਾਉਂਦੀਆਂ ਹਨ ਕਿ ਏਆਈ ਕਿੰਨੀ ਜਲਦੀ ਚਿੱਤਰਾਂ ਦੇ ਨਾਲ ਸੰਪੂਰਨ ਬਿਰਤਾਂਤ ਤਿਆਰ ਕਰ ਸਕਦਾ ਹੈ। ਅਜਿਹੇ ਵਿਕਾਸ ਤਕਨਾਲੋਜੀ ਦੀ ਗਤੀ ਅਤੇ ਪਹੁੰਚਯੋਗਤਾ ਨੂੰ ਉਜਾਗਰ ਕਰਦੇ ਹਨ, ਜਿਸ ਨਾਲ ਗੈਰ-ਲੇਖਕਾਂ ਨੂੰ ਵੀ ਪ੍ਰਕਾਸ਼ਿਤ ਕਰਨ ਯੋਗ ਸਮੱਗਰੀ ਬਣਾਉਣ ਦੇ ਯੋਗ ਬਣਾਇਆ ਜਾਂਦਾ ਹੈ। ਖੋਜ ਦਰਸਾਉਂਦੀ ਹੈ ਕਿ ਏਆਈ ਵਿਚਾਰ ਪੈਦਾ ਕਰਨ, ਪਾਠ ਵਿਸ਼ਲੇਸ਼ਣ ਅਤੇ ਸੰਪਾਦਨ ਵਿੱਚ ਸਹਾਇਤਾ ਕਰਕੇ ਸਾਹਿਤਕ ਰਚਨਾ ਅਤੇ ਆਲੋਚਨਾ ਨੂੰ ਮੁੜ ਆਕਾਰ ਦੇ ਰਿਹਾ ਹੈ। ਹਾਲਾਂਕਿ, ਪਾਠਕ ਅਤੇ ਮਾਹਰ ਅਕਸਰ ਇਹ ਨੋਟ ਕਰਦੇ ਹਨ ਕਿ ਏਆਈ-ਉਤਪਾਦਿਤ ਲਿਖਤ ਵਿੱਚ ਡੂੰਘੀ ਭਾਵਨਾਤਮਕ ਗੂੰਜਣ ਅਤੇ ਮਨੁੱਖੀ-ਲੇਖੀਆਂ ਰਚਨਾਵਾਂ ਵਿੱਚ ਪਾਏ ਜਾਣ ਵਾਲੇ ਸੱਭਿਆਚਾਰਕ ਆਧਾਰ ਦੀ ਘਾਟ ਹੋ ਸਕਦੀ ਹੈ। ਇਸ ਦੇ ਨਾਲ ਹੀ, ਅਧਿਐਨ ਦਰਸਾਉਂਦੇ ਹਨ ਕਿ ਟੂਲਸ ਨਾਲ ਕੰਮ ਕਰਨ ਵਾਲੇ ਮਨੁੱਖੀ ਲੇਖਕ ਏਆਈ ਅਕਸਰ ਇਕੱਲੇ ਕੰਮ ਕਰਨ ਵਾਲਿਆਂ ਨਾਲੋਂ ਵਧੇਰੇ ਰਚਨਾਤਮਕ ਪ੍ਰਦਰਸ਼ਨ ਕਰਦੇ ਹਨ, ਇਹ ਸੁਝਾਅ ਦਿੰਦੇ ਹਨ ਕਿ ਏਆਈ ਇੱਕ ਬਦਲ ਵਜੋਂ ਨਹੀਂ ਸਗੋਂ ਇੱਕ ਵਾਧੇ ਵਾਲੇ ਸਾਥੀ ਵਜੋਂ ਕੰਮ ਕਰ ਸਕਦਾ ਹੈ। ਸਾਹਿਤ ਸਿਰਫ਼ ਸ਼ਬਦਾਂ ਬਾਰੇ ਨਹੀਂ ਹੈ; ਇਹ ਜੀਵਤ ਅਨੁਭਵ, ਯਾਦਦਾਸ਼ਤ, ਸੱਭਿਆਚਾਰ ਅਤੇ ਭਾਵਨਾਤਮਕ ਡੂੰਘਾਈ ਬਾਰੇ ਹੈ। ਏਆਈ ਪੈਟਰਨਾਂ, ਸੰਭਾਵਨਾਵਾਂ ਅਤੇ ਡੇਟਾ ਸਿਖਲਾਈ ਰਾਹੀਂ ਕੰਮ ਕਰਦਾ ਹੈ। ਭਾਵੇਂ ਇਹ ਸ਼ੈਲੀ ਅਤੇ ਬਣਤਰ ਦੀ ਨਕਲ ਕਰ ਸਕਦਾ ਹੈ, ਪਰ ਇਸ ਵਿੱਚ ਚੇਤਨਾ, ਇਰਾਦਾ, ਜਾਂ ਜੀਵਿਤ ਮਨੁੱਖੀ ਅਨੁਭਵ ਨਹੀਂ ਹੁੰਦਾ। ਵਿਦਵਾਨ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਸਿਰਜਣਾਤਮਕਤਾ ਸਿਰਫ਼ ਇੱਕ ਉਤਪਾਦ ਨਹੀਂ ਹੈ, ਸਗੋਂ ਮਨੁੱਖੀ ਵਿਆਖਿਆ ਅਤੇ ਸੱਭਿਆਚਾਰਕ ਸੰਦਰਭ ਦੁਆਰਾ ਆਕਾਰ ਦਿੱਤੀ ਗਈ ਪ੍ਰਕਿਰਿਆ ਹੈ। ਇਹ ਸੁਝਾਅ ਦਿੰਦਾ ਹੈ ਕਿ ਏਆਈ-ਜਨਰੇਟਡ ਟੈਕਸਟ ਸਿਰਫ਼ ਉਦੋਂ ਹੀ ਅਰਥਪੂਰਨ ਬਣਦਾ ਹੈ ਜਦੋਂ ਮਨੁੱਖਾਂ ਦੁਆਰਾ ਨਿਰਦੇਸ਼ਿਤ, ਤਿਆਰ ਅਤੇ ਵਿਆਖਿਆ ਕੀਤੀ ਜਾਂਦੀ ਹੈ। ਇਸ ਤਰ੍ਹਾਂ, ਸਾਹਿਤ ਦਾ ਭਵਿੱਖ ਸਹਿਯੋਗੀ ਸਿਰਜਣਾਤਮਕਤਾ ਵਿੱਚ ਹੋ ਸਕਦਾ ਹੈ, ਜਿੱਥੇ ਏਆਈ ਵਿਚਾਰਾਂ ਨੂੰ ਪੈਦਾ ਕਰਨ, ਪਲਾਟਾਂ ਦੀ ਬਣਤਰ ਬਣਾਉਣ, ਜਾਂ ਲੇਖਕ ਦੇ ਰੁਕਾਵਟ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ, ਜਦੋਂ ਕਿ ਮਨੁੱਖੀ ਲੇਖਕ ਅਰਥ ਅਤੇ ਭਾਵਨਾਤਮਕ ਡੂੰਘਾਈ ਨੂੰ ਆਕਾਰ ਦਿੰਦੇ ਹਨ। ਸਾਹਿਤ ਵਿੱਚ ਏਆਈ ਦਾ ਉਭਾਰ ਕਈ ਨੈਤਿਕ ਚਿੰਤਾਵਾਂ ਪੈਦਾ ਕਰਦਾ ਹੈ ਜਦੋਂ ਕੋਈ ਮਸ਼ੀਨ ਟੈਕਸਟ ਤਿਆਰ ਕਰਦੀ ਹੈ ਤਾਂ ਲੇਖਕ ਕੌਣ ਹੁੰਦਾ ਹੈ? ਵਿਦਵਾਨ ਨੋਟ ਕਰਦੇ ਹਨ ਕਿ ਏਆਈ ਲੇਖਕਤਾ ਅਤੇ ਮੌਲਿਕਤਾ ਦੀਆਂ ਰਵਾਇਤੀ ਧਾਰਨਾਵਾਂ ਨੂੰ ਚੁਣੌਤੀ ਦਿੰਦਾ ਹੈ। ਲੇਖਕ ਇਸ ਗੱਲ ਦੀ ਚਿੰਤਾ ਕਰਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਨੂੰ ਬਿਨਾਂ ਸਹਿਮਤੀ ਜਾਂ ਮੁਆਵਜ਼ੇ ਦੇ ਏਆਈ ਮਾਡਲਾਂ ਨੂੰ ਸਿਖਲਾਈ ਦੇਣ ਲਈ ਵਰਤਿਆ ਜਾ ਰਿਹਾ ਹੈ। ਕੁਝ ਸਾਹਿਤਕ ਸੰਗਠਨ ਹੁਣ ਪਾਰਦਰਸ਼ਤਾ ਅਤੇ ਪਾਠਕਾਂ ਦੇ ਵਿਸ਼ਵਾਸ ਨੂੰ ਬਣਾਈ ਰੱਖਣ ਲਈ ਮੁੱਖ ਤੌਰ 'ਤੇ ਮਨੁੱਖੀ ਲੇਖਕਾਂ ਦੁਆਰਾ ਬਣਾਏ ਗਏ ਕੰਮਾਂ ਨੂੰ ਲੇਬਲ ਕਰਨ ਦਾ ਪ੍ਰਚਾਰ ਕਰਦੇ ਹਨ। ਏਆਈ ਸਿਸਟਮ ਸਿਖਲਾਈ ਡੇਟਾ ਵਿੱਚ ਸ਼ਾਮਲ ਪੱਖਪਾਤ ਨੂੰ ਦਰਸਾ ਸਕਦੇ ਹਨ ਅਤੇ ਗਲਤ ਜਾਂ ਸੱਭਿਆਚਾਰਕ ਤੌਰ 'ਤੇ ਅਸੰਵੇਦਨਸ਼ੀਲ ਸਮੱਗਰੀ ਪੈਦਾ ਕਰ ਸਕਦੇ ਹਨ। ਇਹ ਚਿੰਤਾਵਾਂ ਏਆਈ-ਸਹਾਇਤਾ ਪ੍ਰਾਪਤ ਲਿਖਤ ਨੂੰ ਨਿਯੰਤਰਿਤ ਕਰਨ ਵਾਲੇ ਕਾਨੂੰਨੀ ਢਾਂਚੇ ਅਤੇ ਨੈਤਿਕ ਦਿਸ਼ਾ-ਨਿਰਦੇਸ਼ਾਂ ਦੀ ਤੁਰੰਤ ਲੋੜ ਨੂੰ ਉਜਾਗਰ ਕਰਦੀਆਂ ਹਨ। ਏਆਈ ਦਾ ਏਕੀਕਰਨ ਸਾਹਿਤਕ ਵਾਤਾਵਰਣ ਪ੍ਰਣਾਲੀ ਨੂੰ ਬਦਲ ਰਿਹਾ ਹੈ: ਏਆਈ ਟੂਲ ਸੰਪਾਦਨ, ਅਨੁਵਾਦ ਅਤੇ ਖੋਜ ਨੂੰ ਤੇਜ਼ ਕਰਦੇ ਹਨ। ਸਵੈ-ਪ੍ਰਕਾਸ਼ਨ ਆਸਾਨ ਅਤੇ ਤੇਜ਼ ਹੁੰਦਾ ਜਾ ਰਿਹਾ ਹੈ। ਪ੍ਰਕਾਸ਼ਕ ਏਆਈ-ਸੰਚਾਲਿਤ ਡੇਟਾ ਦੀ ਵਰਤੋਂ ਕਰਕੇ ਪਾਠਕਾਂ ਦੀਆਂ ਤਰਜੀਹਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ। ਨਵੀਆਂ ਸ਼ੈਲੀਆਂ ਅਤੇ ਏਆਈ-ਸਹਾਇਤਾ ਪ੍ਰਾਪਤ ਕਹਾਣੀ ਸੁਣਾਉਣ ਦੇ ਫਾਰਮੈਟ ਉੱਭਰ ਰਹੇ ਹਨ। ਫਿਰ ਵੀ, ਬਹੁਤ ਸਾਰੇ ਲੇਖਕ ਆਰਥਿਕ ਵਿਸਥਾਪਨ ਅਤੇ ਰਚਨਾਤਮਕ ਪਛਾਣ ਦੇ ਨੁਕਸਾਨ ਤੋਂ ਡਰਦੇ ਹਨ। ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ ਵੱਡੀ ਗਿਣਤੀ ਵਿੱਚ ਲੇਖਕ ਮੰਨਦੇ ਹਨ ਕਿ ਏਆਈ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ ਅਤੇ ਆਮਦਨ ਦੇ ਮੌਕੇ ਘਟਾ ਸਕਦਾ ਹੈ। ਫਿਰ ਵੀ, ਸਾਹਿਤਕ ਮਾਹਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਪ੍ਰਮਾਣਿਕ ਕਹਾਣੀ ਸੁਣਾਉਣ ਦੀ ਜੜ੍ਹ ਮਨੁੱਖੀ ਸੂਝ ਅਤੇ ਸੱਭਿਆਚਾਰਕ ਸੂਖਮਤਾ ਵਿੱਚ ਰਹਿੰਦੀ ਹੈ। ਇੱਕ ਸਾਹਿਤਕ ਥੀਮ ਵਜੋਂ ਏਆਈ ਸਿਰਜਣਾ ਤੋਂ ਇਲਾਵਾ, ਏਆਈ ਸਾਹਿਤ ਦੇ ਅੰਦਰ ਇੱਕ ਪ੍ਰਮੁੱਖ ਵਿਸ਼ਾ ਬਣ ਗਿਆ ਹੈ। ਸਮਕਾਲੀ ਨਾਵਲ ਡਿਜੀਟਲ ਯੁੱਗ ਵਿੱਚ ਨਿਗਰਾਨੀ, ਐਲਗੋਰਿਦਮਿਕ ਪੱਖਪਾਤ ਅਤੇ ਮਨੁੱਖੀ ਪਛਾਣ ਦੇ ਵਿਸ਼ਿਆਂ ਦੀ ਪੜਚੋਲ ਕਰਦੇ ਹਨ, ਜੋ ਬੁੱਧੀਮਾਨ ਮਸ਼ੀਨਾਂ ਬਾਰੇ ਸਮਾਜ ਦੀਆਂ ਉਮੀਦਾਂ ਅਤੇ ਚਿੰਤਾਵਾਂ ਨੂੰ ਦਰਸਾਉਂਦੇ ਹਨ। ਇਸ ਤਰ੍ਹਾਂ, ਏਆਈ ਨਾ ਸਿਰਫ਼ ਸਾਹਿਤ ਨੂੰ ਆਕਾਰ ਦੇ ਰਿਹਾ ਹੈ - ਇਹ ਇਸਦੇ ਕੇਂਦਰੀ ਬਿਰਤਾਂਤਾਂ ਵਿੱਚੋਂ ਇੱਕ ਵੀ ਬਣ ਰਿਹਾ ਹੈ। ਸਾਹਿਤ ਅਤੇ ਏਆਈ ਵਿਚਕਾਰ ਇੱਕ ਸਿਹਤਮੰਦ ਸਬੰਧ ਬਣਾਉਣ ਲਈ, ਇੱਕ ਸੰਤੁਲਿਤ ਪਹੁੰਚ ਜ਼ਰੂਰੀ ਹੈ: ਕਿ ਏਆਈ ਨੂੰ ਇੱਕ ਔਜ਼ਾਰ ਵਜੋਂ ਅਪਣਾਓ, ਨਾ ਕਿ ਬਦਲ ਵਜੋਂ ਮਨੁੱਖੀ ਰਚਨਾਤਮਕਤਾ ਨੂੰ ਸੁਰੱਖਿਅਤ ਰੱਖਦੇ ਹੋਏ ਖੋਜ, ਦਿਮਾਗੀ ਤੌਰ 'ਤੇ ਵਿਚਾਰ ਕਰਨ ਅਤੇ ਸੰਪਾਦਨ ਲਈ ਏਆਈ ਦੀ ਵਰਤੋਂ ਕਰੋ। ਮਨੁੱਖੀ ਆਵਾਜ਼ ਅਤੇ ਸੱਭਿਆਚਾਰਕ ਡੂੰਘਾਈ ਨੂੰ ਸੁਰੱਖਿਅਤ ਰੱਖੋ ਸਾਹਿਤ ਨੂੰ ਮਨੁੱਖੀ ਅਨੁਭਵ, ਵਿਭਿੰਨਤਾ ਅਤੇ ਭਾਵਨਾਤਮਕ ਸੱਚਾਈ ਨੂੰ ਦਰਸਾਉਣਾ ਜਾਰੀ ਰੱਖਣਾ ਚਾਹੀਦਾ ਹੈ। ਨੈਤਿਕ ਦਿਸ਼ਾ-ਨਿਰਦੇਸ਼ ਅਤੇ ਕਾਪੀਰਾਈਟ ਸੁਰੱਖਿਆ ਸਥਾਪਤ ਕਰੋ ਲੇਖਕਾਂ ਦੇ ਅਧਿਕਾਰਾਂ ਅਤੇ ਬੌਧਿਕ ਸੰਪਤੀ ਦੀ ਰੱਖਿਆ ਲਈ ਪਾਰਦਰਸ਼ੀ ਨੀਤੀਆਂ ਜ਼ਰੂਰੀ ਹਨ। ਲੇਖਕਾਂ ਅਤੇ ਪਾਠਕਾਂ ਵਿੱਚ ਏਆਈ ਸਾਖਰਤਾ ਨੂੰ ਉਤਸ਼ਾਹਿਤ ਕਰੋ ਏਆਈ ਟੂਲਸ ਨੂੰ ਸਮਝਣ ਨਾਲ ਸਿਰਜਣਹਾਰਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨ ਦਾ ਅਧਿਕਾਰ ਮਿਲਦਾ ਹੈ। ਸਹਿਯੋਗੀ ਰਚਨਾਤਮਕਤਾ ਨੂੰ ਉਤਸ਼ਾਹਿਤ ਕਰੋ ਮਨੁੱਖੀ ਕਲਪਨਾ ਅਤੇ ਮਸ਼ੀਨ ਬੁੱਧੀ ਇਕੱਠੇ ਸਾਹਿਤਕ ਸੰਭਾਵਨਾਵਾਂ ਦਾ ਵਿਸਤਾਰ ਕਰ ਸਕਦੇ ਹਨ।


**ਸਭ ਤੋਂ ਫਾਸਟ ਆਹਮੋ-ਸਾਹਮਣੇ**

**RNI NO -PUNHIN0/2013/54688**

Printed by Surinder Kumar , Published by Surinder Kumar, Owned by Surinder Kumar & Printed at Dashmash Printers 178-179 Ranjit Nagar, Jalnadhar City, Published 87 Ranjit Nagar Near Bus Stand, Jalandhar, Punjab

**Editor Surinder Kumar (SK Saxena)**

Responsible for selection of News under the PRB ACT.


All Rights Reserved Reproduction in whole or in Part without Permission in Prohibited, All disputes shall be settled at Jalandhar Jurisdiction only


Faxt No. : 0181-5024001, Conact No : 0181-5077100



## ਜ਼ਰੂਰੀ ਸੂਚਨਾ

ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਪ੍ਰਦਰਸ਼ਿਤ/ਵਰਗੀਕ੍ਰਿਤ) ਦੇ ਤੱਥਾਂ ਲਈ ਸਭ ਤੋਂ ਫਾਸਟ ਆਹਮੋ ਸਾਹਮਣੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਸਾਡਾ ਅਖ਼ਬਾਰ ਇਨ੍ਹਾਂ ਦੀ ਪੁਸ਼ਟੀ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਸਾਰੇ ਤੱਥਾਂ ਦੀ ਖੁਦ ਪੁਸ਼ਟੀ ਕਰਨ। - ਮੁੱਖ ਸੰਪਾਦਕ


# ਆਬਕਾਰੀ ਨੀਤੀ ਮਾਮਲੇ ਵਿੱਚ ਅਰਵਿੰਦ ਕੇਜਰੀਵਾਲ ਦੇ ਬਾ-ਇੱਜ਼ਤ ਬਰੀ ਹੋਣ ਨਾਲ ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਵੱਲੋਂ 'ਆਪ' ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ : ਭਗਵੰਤ ਸਿੰਘ ਮਾਨ

## ਅਰਵਿੰਦ ਕੇਜਰੀਵਾਲ ਵਿਰੁੱਧ ਕੇਸ ਰੱਦ ਕਰਨ ਦੇ ਅਦਾਲਤ ਦੇ ਫੈਸਲੇ ਨੇ ਕੇਂਦਰ ਸਰਕਾਰ ਵੱਲੋਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਪਰਦਾਫਾਸ਼ ਕੀਤਾ: ਭਗਵੰਤ ਸਿੰਘ ਮਾਨ

ਐਸ. ਕੇ. ਸਕਸੈਨਾ



ਚੰਡੀਗੜ੍ਹ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਸੀਨੀਅਰ 'ਆਪ' ਨੇਤਾ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਹੋਰਾਂ ਵਿਰੁੱਧ ਆਬਕਾਰੀ ਨੀਤੀ ਮਾਮਲੇ ਵਿੱਚ ਅਦਾਲਤ ਵੱਲੋਂ ਦੋਸ਼ਾਂ ਨੂੰ ਰੱਦ ਕੀਤੇ ਜਾਣ ਨਾਲ ਪਾਰਟੀ ਦੇ ਸਟੈਂਡ 'ਤੇ ਦ੍ਰਿੜ ਮੋਹਰ ਲੱਗੀ ਹੈ, ਜਿਸ ਵਿੱਚ ਪਾਰਟੀ ਵੱਲੋਂ ਲਗਾਤਾਰ ਇਹ ਕਿਹਾ ਜਾ ਰਿਹਾ ਸੀ ਕਿ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਹੋਰ ਕੇਂਦਰੀ ਏਜੰਸੀਆਂ ਵਿਰੋਧੀ ਸਿਆਸੀ ਪਾਰਟੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰ ਸਰਕਾਰ ਦੀਆਂ ਕਠਪੁਤਲੀਆਂ ਬਣ ਕੇ ਕੰਮ ਕਰ ਰਹੀਆਂ ਹਨ, ਇੱਕ ਵੀਡੀਓ ਸੰਦੇਸ਼ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਵਿੱਚ ਇਹ ਇੱਕ ਇਤਿਹਾਸਕ ਦਿਨ ਹੈ ਕਿਉਂਕਿ ਅਦਾਲਤ ਨੇ ਅਰਵਿੰਦ ਕੇਜਰੀਵਾਲ ਅਤੇ 23 ਹੋਰਾਂ ਨੂੰ ਬਰੀ ਕਰ ਦਿੱਤਾ ਹੈ ਜਿਨ੍ਹਾਂ ਖ਼ਿਲਾਫ਼ ਸੀਬੀਆਈ ਨੇ ਗਲਤ ਤਰੀਕੇ ਨਾਲ ਕੇਸ ਦਰਜ ਕੀਤਾ ਸੀ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਹੋਰਾਂ ਵਿਰੁੱਧ ਇਹ ਕੇਸ ਕੇਂਦਰ ਸਰਕਾਰ ਵੱਲੋਂ ਆਮ ਆਦਮੀ ਪਾਰਟੀ, ਜੋ ਆਪਣੇ ਚੰਗੇ ਕੰਮਾਂ ਨਾਲ ਦੇਸ਼ ਭਰ 'ਚ ਆਪਣਾ ਆਧਾਰ ਫੈਲ ਰਹੀ ਹੈ, ਨੂੰ ਰੋਕਣ ਦੀ ਨਿਰਾਸ਼ਾਜਨਕ ਕੋਸ਼ਿਸ਼ ਸੀ। ਉਨ੍ਹਾਂ ਕਿਹਾ ਕਿ ਅਦਾਲਤ ਦਾ ਇਹ ਹੁਕਮ ਇਸ ਗੱਲ ਦਾ ਪ੍ਰਮਾਣ ਹੈ ਕਿ ਹਨੇਰੀ ਰਾਤ, ਭਾਵੇਂ ਉਹ ਕਿੰਨੀ ਵੀ ਲੰਬੀ ਕਿਉਂ ਨਾ ਹੋਵੇ, ਖਤਮ ਜ਼ਰੂਰ ਹੁੰਦੀ ਹੈ ਅਤੇ ਸਦਾ ਸੱਚਾਈ ਤੇ ਰੌਸ਼ਨੀ ਦੀ ਜਿੱਤ ਹੁੰਦੀ ਹੈ। ਅਰਵਿੰਦ ਕੇਜਰੀਵਾਲ ਅਤੇ ਪਾਰਟੀ ਲਈ ਅਰਦਾਸ ਕਰਨ ਵਾਲੇ ਲੋਕਾਂ ਦਾ ਧੰਨਵਾਦ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਮ ਲੋਕਾਂ ਦੀਆਂ ਅਰਦਾਸਾਂ/ਪ੍ਰਾਰਥਨਾਵਾਂ ਦਾ ਹੀ ਚਮਤਕਾਰ ਹੈ ਜੋ ਇਹ ਇਮਾਨਦਾਰ ਆਗੂਆਂ ਅੱਜ ਬਾ-ਇੱਜ਼ਤ ਬਰੀ ਹੋ ਗਏ ਹਨ। ਅਦਾਲਤ ਦੇ ਹੁਕਮ ਨੇ ਸੀਬੀਆਈ ਦੇ ਕੰਮਕਾਜ 'ਤੇ ਗੰਭੀਰ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ, ਜੋ ਆਪਣੇ ਆਕਾਵਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੀ ਹੈ। ਇਸਨੇ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਲਈ ਕੇਂਦਰ ਵਿੱਚ ਸੱਤਾਧਾਰੀ ਲੋਕਾਂ ਦੁਆਰਾ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਪਰਦਾਫਾਸ਼ ਕੀਤਾ ਹੈ। ਦਿੱਲੀ ਵਿੱਚ ਹੋਏ ਰਾਜਨੀਤਿਕ ਘਟਨਾਕ੍ਰਮ ਦਾ ਹਵਾਲਾ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦਿੱਲੀ ਵਿੱਚ ਸਿਰਫ਼ ਚੋਣਾਂ ਜਿੱਤਣ ਲਈ, ਆਮ ਆਦਮੀ ਪਾਰਟੀ ਦੀ ਸਾਰੀ ਦੀ ਸਾਰੀ ਉੱਚ-ਪੱਧਰੀ ਲੀਡਰਸ਼ਿਪ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਲਾਖਾਂ ਪਿੱਛੇ ਸੁੱਟ ਦਿੱਤਾ ਸੀ। ਅਦਾਲਤ ਦੇ ਅੱਜ ਦੇ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਅਰਵਿੰਦ ਕੇਜਰੀਵਾਲ ਇੱਕ ਇਮਾਨਦਾਰ ਆਦਮੀ ਹਨ ਜੋ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ ਕਿਉਂਕਿ ਉਹ ਸਿਰਫ਼ ਸੱਚ ਦੇ ਰਾਹ 'ਤੇ ਚੱਲਣਾ ਜਾਣਦੇ ਹਨ। ਉਨ੍ਹਾਂ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਦਾ ਹਰ ਵਲੰਟੀਅਰ ਸਿਰਫ਼ ਲੋਕਾਂ ਦੀ ਸੇਵਾ ਲਈ ਹੀ ਰਾਜਨੀਤੀ 'ਚ ਆਇਆ ਹੈ, ਕਿਉਂਕਿ ਜੇ ਪੈਸੇ ਪੱਖੋਂ ਦੇਖੀਏ ਤਾਂ ਉਹ ਪਹਿਲਾਂ ਹੀ ਆਪਣੇ-ਆਪਣੇ ਖੇਤਰਾਂ ਵਿੱਚ ਚੰਗੀ ਕਮਾਈ ਕਰ ਰਹੇ ਸਨ। ਰਵਾਇਤੀ ਸਿਆਸੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਆਮ ਆਦਮੀ ਪਾਰਟੀ ਤੋਂ ਈਰਖਾ ਕਰਦੀਆਂ ਹਨ ਕਿਉਂਕਿ ਅਸੀਂ ਹਮੇਸ਼ਾ ਆਮ ਆਦਮੀ ਦੀ ਭਲਾਈ ਦਾ ਏਜੰਡਾ ਲੈ ਕੇ ਚੱਲਦੇ ਹਾਂ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਅਤੇ ਭਾਜਪਾ ਆਪਣੇ ਸੱਤਾ ਦੇ ਦਿਨਾਂ ਦੌਰਾਨ ਰੋਟੇਸ਼ਨ ਦੇ ਆਧਾਰ 'ਤੇ ਸੱਤਾ ਦਾ ਆਨੰਦ ਮਾਣਦਿਆਂ ਅਤੇ ਇੱਕ ਦੂਜੇ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਦਿਆਂ ਦੋਸਤਾਨਾ ਮੈਚ ਖੇਡਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਸਦਾ ਸੱਤਾ ਦੀ ਕੁਰਸੀ ਦੀ ਖੇਡ ਖੇਡਦੀਆਂ ਰਹੀਆਂ ਹਨ, ਜਿਨ੍ਹਾਂ ਨੇ ਆਪਣੀ-ਆਪਣੀ ਵਾਰੀ ਅਨੁਸਾਰ ਦੇਸ਼ ਅਤੇ ਇਸਦੇ ਲੋਕਾਂ ਨੂੰ ਰੱਜ ਕੇ ਲੁੱਟਿਆ।

ਉਨ੍ਹਾਂ ਅੱਗੇ ਕਿਹਾ ਕਿ ਇਹ ਗੰਦਾ ਨਾਟਕ ਉਦੋਂ ਬੰਦ ਹੋ ਗਿਆ ਸੀ ਜਦੋਂ ਆਮ ਆਦਮੀ ਪਾਰਟੀ ਨੇ ਦੇਸ਼ ਦੀ ਰਾਜਨੀਤੀ ਦੇ ਕੇਂਦਰ ਵਿੱਚ ਕਦਮ ਰੱਖਿਆ, ਜੋ ਇਹ ਪਾਰਟੀਆਂ ਕਦੇ ਨਹੀਂ ਚਾਹੁੰਦੀਆਂ ਸਨ ਕਿ ਅਜਿਹਾ ਹੋਵੇ। ਉਨ੍ਹਾਂ ਕਿਹਾ ਕਿ ਜੋ ਕੋਈ ਵੀ ਭ੍ਰਿਸ਼ਟਾਚਾਰ ਅਤੇ ਇਨ੍ਹਾਂ ਪਾਰਟੀਆਂ ਦੇ ਘਿਨਾਉਣੇ ਕਾਰਨਾਮਿਆਂ ਵਿਰੁੱਧ ਆਵਾਜ਼ ਉਠਾਉਂਦਾ ਹੈ, ਉਸ ਨੂੰ ਇਨ੍ਹਾਂ ਦੀ ਬਦਲਾਖ਼ੋਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬਿਨਾਂ ਕਿਸੇ ਕਾਰਨ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਭ੍ਰਿਸ਼ਟਾਚਾਰੀ ਲੋਕ, ਜਿਨ੍ਹਾਂ ਦੀਆਂ ਜੜ੍ਹਾਂ ਅਤੇ ਹਰ ਪਾਸੇ ਫੈਲੀਆਂ ਹੋਈਆਂ ਹਨ, ਇਮਾਨਦਾਰ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਉਨ੍ਹਾਂ 'ਤੇ ਝੂਠੇ ਕੇਸ ਪਾਉਂਦੇ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ, ÷ਇਹ ਲੋਕਾਂ ਤੋਂ ਵੋਟਾਂ ਮੰਗਣ ਦੀ ਬਜਾਏ ਵੋਟਾਂ ਦਾ ਆਪਣਾ ਡੇਟਾਬੇਸ ਬਣਾ ਕੇ ਲੋਕਤੰਤਰ ਨੂੰ ਢਾਹ ਲਗਾਉਣ ਦੀ ਇੱਕ ਚਾਲ ਹੈ। ਜਨਤਾ ਅੱਗੇ ਹੱਥ ਜੋੜ ਕੇ ਉਨ੍ਹਾਂ ਤੋਂ ਵੋਟਾਂ ਮੰਗਣ ਦੀ ਬਜਾਏ, ਕੇਂਦਰ ਸਰਕਾਰ ਨੇ ਇਹ ਰਣਨੀਤੀ ਤਿਆਰ ਕੀਤੀ ਹੈ ਜਿੱਥੇ ਇਹਨਾਂ ਵੋਟਰਾਂ ਨੂੰ ਵਰਤੋਂ ਕਿਸੇ ਵੀ ਸੂਬੇ ਵਿੱਚ ਆਪਣੀ ਪਾਰਟੀ ਦੀ ਜਿੱਤ ਲਈ ਹੇਰਾਫੇਰੀ ਕਰਨ ਲਈ ਕੀਤੀ ਜਾਂਦੀ ਹੈ। ਇਹ ਦੇਸ਼, ਇਸਦੇ ਲੋਕਾਂ ਅਤੇ ਇੱਥੋਂ ਤੱਕ ਕਿ ਲੋਕਤੰਤਰ ਲਈ ਵੀ ਬੇਹੱਦ ਘਾਤਕ ਹੈ। ਭਾਰਤੀ ਆਜ਼ਾਦੀ ਸੰਗਰਾਮ ਦੇ ਨਾਇਕ ਕੇਂਦਰ ਦੇ ਇਸ ਵਤੀਰੇ ਤੋਂ ਨਾਰਾਜ਼ ਹੋਏ ਹੋਣਗੇ।÷

ਪ੍ਰਧਾਨ ਮੰਤਰੀ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਿੱਧੀ ਚੁਣੌਤੀ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ÷ਜੇ ਤੁਸੀਂ ਰਾਜ ਕਰਨਾ ਚਾਹੁੰਦੇ ਹੋ ਤਾਂ ਠੀਕ ਹੈ ਪਰ ਇਸ ਲਈ ਤੁਹਾਨੂੰ ਆਪਣੇ ਕੰਮ ਨਾਲ ਲੋਕਾਂ ਦਾ ਦਿਲ ਜਿੱਤਣਾ ਚਾਹੀਦਾ ਹੈ ਨਾ ਕਿ ਅਜਿਹੀਆਂ ਸੌੜੀਆਂ ਚਾਲਾਂ ਚੱਲਣੀਆਂ ਚਾਹੀਦੀਆਂ ਹਨ। ਦੇਸ਼ ਵਿੱਚ ਸਿੱਖਿਆ, ਸੜਕਾਂ, ਬਿਜਲੀ, ਸਿਹਤ ਖੇਤਰ, ਰੁਜ਼ਗਾਰ ਅਤੇ ਹੋਰ ਖੇਤਰਾਂ ਵਿੱਚ ਸੁਧਾਰ ਕਰਨ ਦੀ ਬਜਾਏ, ਭਾਜਪਾ ਨਫ਼ਰਤ ਅਤੇ ਵੰਡ ਦੇ ਆਪਣੇ ਏਜੰਡੇ ਨੂੰ ਉਤਸ਼ਾਹਿਤ ਕਰ ਰਹੀ ਹੈ। ਇਹ ਲੋਕਤੰਤਰੀ ਢਾਂਚੇ ਰਾਹੀਂ ਚੁਣੇ ਗਏ ਤਾਨਾਸ਼ਾਹ ਆਪਣੇ ਸਿਆਸੀ ਵਿਰੋਧੀਆਂ ਵਿੱਚ ਅਸਹਿਮਤੀ ਅਤੇ ਲਾਲਚ ਰਾਹੀਂ ਚੋਣ ਚਿੰਨ੍ਹਾਂ ਨੂੰ ਫ ?ਰੀਜ਼ ਕਰਦੇ ਹਨ ਅਤੇ ਫਿਰ ਚੋਣਾਂ ਵਿੱਚ ਹੇਰਾਫੇਰੀ ਕਰਦੇ ਹਨ।÷

ਨਿਸ਼ਾਨਾ ਸਾਧਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ÷ਹਰ ਦੇਸ਼ ਭਗਤ ਚਾਹੁੰਦਾ ਹੈ ਕਿ ਉਨ੍ਹਾਂ ਦਾ ਦੇਸ਼ ਮੋਹਰੀ ਬਣੇ ਅਤੇ ਮੋਦੀ-ਸ਼ਾਹ ਦੀ ਜੋੜੀ ਦੀਆਂ ਹੇਰਾਫੇਰੀਆਂ ਦਾ ਗਵਾਹ ਨਾ ਬਣੇ। ਕੇਂਦਰ ਵੱਲੋਂ ਦੇਸ਼ ਨੂੰ ਚਲਾਉਣ ਦੇ ਤਰੀਕਿਆਂ ਬਾਰੇ ਹਰ ਇਮਾਨਦਾਰ ਦੇਸ਼ ਵਾਸੀ ਵੱਲੋਂ ਇਤਰਾਜ਼ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਦੇਸ਼ ਨੂੰ ਸੰਪਰਦਾਇਕ ਲੀਹਾਂ 'ਤੇ ਵੰਡਣਾ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਦੇ ਹੱਕ ਵਿੱਚ ਨਹੀਂ ਹੈ।÷

ਭਗਵੰਤ ਸਿੰਘ ਮਾਨ ਨੇ ਕਿਹਾ, ÷ਇੱਕ ਗੁਲਦਸਤੇ ਵਿੱਚ ਕਈ ਤਰ੍ਹਾਂ ਦੇ ਫੁੱਲ ਹੁੰਦੇ ਹਨ ਜੋ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ ਅਤੇ ਉਹ ਇਸਨੂੰ ਦੇਖਣਾ ਪਸੰਦ ਕਰਦੇ ਹਨ। ਫੁੱਲਾਂ ਦੀ ਕਿਸਮ ਹਰ ਵਿਅਕਤੀਆਂ ਦੀਆਂ ਅੱਖਾਂ ਨੂੰ ਸਕੂਲ ਦਿੰਦੀ ਹੈ ਅਤੇ ਲੋਕ ਉਹਨਾਂ ਨੂੰ ਦੇਖਣ ਲਈ ਇਕੱਠੇ ਹੁੰਦੇ ਹਨ, ਪਰ ਜੇਕਰ ਸਿਰਫ ਇੱਕ ਕਿਸਮ ਦਾ ਫੁੱਲ ਹੋਵੇ ਤਾਂ ਇਕਸਾਰਤਾ ਪੈਦਾ ਹੁੰਦੀ ਹੈ। ਇਸੇ ਤਰ੍ਹਾਂ, ਦੇਸ਼ ਦੀ ਤਰੱਕੀ ਲਈ ਸਮਾਜ ਵਿੱਚ ਹਰ ਧਰਮ ਦੀ ਸਦਭਾਵਨਾਪੂਰਨ ਅਤੇ ਸ਼ਾਂਤੀਪੂਰਨ ਸਹਿ-ਹੋਂਦ ਬੇਹੱਦ ਅਹਿਮ ਹੈ।

ਅਰਵਿੰਦ ਕੇਜਰੀਵਾਲ ਦੀ ਅਗਵਾਈ ਦੀ ਪ੍ਰਸ਼ੰਸਾ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ÷ਅਰਵਿੰਦ ਕੇਜਰੀਵਾਲ ਇੱਕ ਅਜਿਹੇ ਵਿਅਕਤੀ ਹਨ ਜਿਹਨਾਂ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਦਿੱਲੀ ਦੀ ਨੁਹਾਰ ਬਦਲ ਦਿੱਤੀ। ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਿੱਲੀ ਵਿੱਚ ਸੱਤਾ ਸੰਭਾਲੀ, ਤਾਂ ਸਾਲਾਨਾ ਬਜਟ 30,000 ਕਰੋੜ ਰੁਪਏ ਸੀ ਅਤੇ ਆਮ ਆਦਮੀ ਅਧੀਨ ਦਿਲੀ ਦਾ ਆਖਰੀ ਬਜਟ 66,000 ਕਰੋੜ ਰੁਪਏ ਸੀ। ਲੋਕਾਂ ਨੂੰ ਮੁਫ਼ਤ ਬਿਜਲੀ, ਵਿਸ਼ਵ ਪੱਧਰੀ ਸਕੂਲ, ਮੁਹੱਲਾ ਕਲੀਨਿਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕਰਨ 'ਤੇ ਇੱਕ-ਇੱਕ ਪੈਸਾ ਪੂਰੀ ਸਮਝਦਾਰੀ ਨਾਲ ਖਰਚ ਕੀਤਾ ਗਿਆ।÷

ਭਗਵੰਤ ਸਿੰਘ ਮਾਨ ਨੇ ਕਿਹਾ, ÷ਅਰਵਿੰਦ ਕੇਜਰੀਵਾਲ ਦੇਸ਼ ਲਈ ਰੋਏ ਸਨ ਕਿਉਂਕਿ ਦੇਸ਼ ਦੀ ਹਾਲਤ ਹਰ ਗੁਜ਼ਰਦੇ ਦਿਨ ਨਾਲ ਬਦਤਰ ਹੁੰਦੀ ਜਾ ਰਹੀ ਹੈ। ਇੱਕ ਇਮਾਨਦਾਰ ਆਦਮੀ ਨਾਲ ਅਜਿਹਾ ਸਲੂਕ ਵਾਜਬ ਨਹੀਂ ਹੈ। ਅੱਜ ਭਾਰਤ ਨੂੰ ਪ੍ਰਚਲਿਤ ਮੁਸ਼ਕਲਾਂ ਤੋਂ ਬਾਹਰ ਕੱਢਣ ਲਈ ਸਿਰਫ਼ ਦੇਸ਼ ਭਗਤੀ ਦੇ ਇੰਜਣ ਦੀ ਲੋੜ ਹੈ। ਸੱਤਾ ਵਿੱਚ ਬੈਠੇ ਲੋਕ ਦੇਸ਼ ਵਿੱਚ ਡਬਲ ਇੰਜਣ ਜਾਂ ਟ੍ਰਿਪਲ ਇੰਜਣ ਸਰਕਾਰਾਂ ਨੂੰ ਉਤਸ਼ਾਹਿਤ ਕਰ ਰਹੇ ਹਨ, ਜਿਨ੍ਹਾਂ ਦੀ ਬਿਲਕੁੱਲ ਵੀ ਜ਼ਰੂਰਤ ਨਹੀਂ ਹੈ।

# ਜਲੰਧਰ 'ਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮੈਂਬਰਾਂ ਨੇ ਚੁੱਕੀ ਸਹੁੰ

## ਵਧੀਕ ਡਿਪਟੀ ਕਮਿਸ਼ਨਰ ਨੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਲੋਕ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਆ

ਮਨਦੀਪ ਕੌਰ





ਜਲੰਧਰ, : ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਇਥੇ ਰੈੱਡ ਕਰਾਸ ਭਵਨ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਆਪਣੇ ਅਹੁਦੇ ਦੀ ਸਹੁੰ ਚੁਕਾਈ ਗਈ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ ਨੇ ਵੱਡੀ ਗਿਣਤੀ ਲੋਕਾਂ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਮੈਂਬਰਾਂ ਨੂੰ ਸਹੁੰ ਚੁਕਾਈ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਦਰਸ਼ਨ ਕੌਂਡਲ ਅਤੇ ਡਿਪਟੀ ਸੀ.ਈ.ਓ. ਜ਼ਿਲ੍ਹਾ ਪ੍ਰੀਸ਼ਦ ਸੁਖਬੀਰ ਕੌਰ ਵੀ ਮੌਜੂਦ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਸਹੁੰ ਚੁਕਾਉਣ ਉਪਰੰਤ ਲੋਕ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨਵੇਂ ਮੈਂਬਰਾਂ ਨੂੰ ਸਮਰਪਣ ਭਾਵਨਾ ਨਾਲ ਕੰਮ ਕਰਨ ਅਤੇ ਸਰਕਾਰੀ ਲੋਕ ਭਲਾਈ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਦੀ ਅਪੀਲ ਕੀਤੀ। ਸਮਾਗਮ ਦੌਰਾਨ ਨਵੇਂ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੇ ਅਧਿਕਾਰਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਪਹਿਲਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਦਰਸ਼ਨ ਕੌਂਡਲ ਨੇ ਪਿੰਡਾਂ ਦੇ ਵਿਕਾਸ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੀ ਭੂਮਿਕਾ ਪਿੰਡਾਂ ਦੇ ਸਰਵਪੱਖੀ ਵਿਕਾਸ ਵਿੱਚ ਬੜੀ ਅਹਿਮ ਹੈ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸੁਰਜੀਤ ਲਾਲ, ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀਆਂ ਦੇ ਨਵੇਂ ਚੁਣੇ ਗਏ ਮੈਂਬਰ ਆਦਿ ਵੀ ਮੌਜੂਦ ਸਨ।



# ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਵਲੋਂ ਜ਼ਿਲ੍ਹੇ ਦੇ ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਦੀ ਅਚਨਚੇਤ ਚੈਕਿੰਗ

## ਸਕੂਲਾਂ 'ਚ ਨੈਸ਼ਨਲ ਫੂਡ ਸਕਿਓਰਿਟੀ ਐਕਟ ਦੇ ਨਿਯਮਾਂ ਦੀ ਪਾਲਣਾ 'ਤੇ ਪ੍ਰਗਟਾਈ ਤਸੱਲੀ

ਪੰਕਜ

ਜਲੰਧਰ, 27 ਫਰਵਰੀ : ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਅੱਜ ਜ਼ਿਲ੍ਹੇ ਦੇ ਪਿੰਡ ਚੀਮਾ, ਅੰਬੀਆ ਤੋਹਫਾ, ਹਸਨ ਮੁੰਡਾ ਅਤੇ ਕਰਤਾਰਪੁਰ ਦੇ ਵੱਖ-ਵੱਖ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਦੌਰਾ ਕਰਕੇ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ। ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਸਰਕਾਰੀ ਸਕੂਲ ਕਰਤਾਰਪੁਰ, ਚੀਮਾ, ਹਸਨ ਮੁੰਡਾ ਵਿਖੇ ਮਿਡ-ਡੇ ਮੀਲ ਸਕੀਮ ਤਹਿਤ ਵਿਦਿਆਰਥੀਆਂ ਨੂੰ ਪਰੋਸੇ ਜਾ ਰਹੇ ਖਾਣੇ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿੱਥੇ ਬੱਚਿਆਂ ਨੂੰ ਮਿਡ-ਡੇ ਮੀਲ ਵਧੀਆ ਢੰਗ ਨਾਲ ਦਿੱਤਾ ਜਾ ਰਿਹਾ ਸੀ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ, ਅੰਬੀਆ ਤੋਹਫਾ ਵਿਖੇ ਵੀ ਬੱਚਿਆਂ ਨੂੰ ਪਰੋਸੇ ਜਾਂਦੇ ਖਾਣੇ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਬੱਚਿਆਂ ਨੂੰ ਪਰੋਸੇ ਜਾਂਦੇ ਖਾਣੇ ਦੀ ਗੁਣਵੱਤਾ ਹਰ ਹਾਲ ਵਿੱਚ ਯਕੀਨੀ ਬਣਾਈ ਜਾਵੇ। ਉਪਰੰਤ ਸ਼ ?ਰੀ ਧਾਲੀਵਾਲ ਨੇ ਆਂਗਣਵਾੜੀ ਕੇਂਦਰਾਂ ਦਾ ਨਿਰੀਖਣ ਕੀਤਾ। ਉਨ੍ਹਾਂ ਆਂਗਣਵਾਰੀ ਕੇਂਦਰ ਹਸਨ ਮੁੰਡਾ ਵਿਖੇ ਨਿਰੀਖਣ ਦੌਰਾਨ ਲਾਭਪਾਤਰੀਆਂ ਨੂੰ ਕੀਤੀ ਜਾ ਰਹੀ ਸਾਮਾਨ ਦੀ ਵੰਡ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਵੱਲੋਂ ਹਸਨ ਮੁੰਡਾ ਪਿੰਡ ਦੇ ਰਾਸ਼ਨ ਡਿਪੂ ਦਾ ਵੀ ਦੌਰਾ ਕੀਤਾ ਗਿਆ। ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਨੇ ਕਮਿਸ਼ਨ ਦੇ ਹੈਲਪਲਾਈਨ ਨੰਬਰ 98767-64545 ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਸ਼ਿਕਾਇਤ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੋਲ ਵੀ ਦਰਜ ਕਰਵਾਈ ਜਾ ਸਕਦੀ ਹੈ।

# ਆਬਕਾਰੀ ਨੀਤੀ ਮਾਮਲੇ ਵਿੱਚ ਅਰਵਿੰਦ ਕੇਜਰੀਵਾਲ ਵਿਰੁੱਧ ਕੇਸਾਂ ਨੂੰ ਰੱਦ ਕਰਨ ਸਬੰਧੀ ਅਦਾਲਤ ਦਾ ਫੈਸਲਾ ਸੰਵਿਧਾਨਕ ਨੈਤਿਕਤਾ ਅਤੇ ਕਾਨੂੰਨ ਦੇ ਰਾਜ ਦੀ ਗਵਾਹੀ ਭਰਦਾ ਹੈ : ਕੁਲਤਾਰ ਸਿੰਘ ਸੰਧਵਾਂ

## ਮਨੀਸ਼ ਸਿਸੋਦੀਆ ਸਮੇਤ ਸਾਰੇ 23 ਮੁਲਜ਼ਮਾਂ ਦਾ ਕੇਸਾਂ ਵਿੱਚੋਂ ਬਰੀ ਹੋਣਾ ਇਹ ਦਰਸਾਉਂਦਾ ਹੈ ਕਿ ਨਿਆਂਇਕ ਜਾਂਚ ਅੱਗੇ ਬੇਬੁਨਿਆਦ ਦੋਸ਼ ਟਿਕ ਨਹੀਂ ਸਕਦੇ

ਕੈਪਟਨ ਸੁਭਾਸ਼ ਚੰਦਰ ਸ਼ਰਮਾ



ਚੰਡੀਗੜ੍ਹ, ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਆਬਕਾਰੀ ਨੀਤੀ ਮਾਮਲੇ ਵਿੱਚ ਮਾਣਯੋਗ ਅਦਾਲਤ ਦਾ ਹਾਲੀਆ ਫੈਸਲਾ ਸੰਵਿਧਾਨਕ ਨੈਤਿਕਤਾ ਅਤੇ ਕਾਨੂੰਨ ਦੇ ਰਾਜ ਦੀ ਗਵਾਹੀ ਭਰਦਾ ਹੈ। ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਸਾਰੇ 23 ਦੋਸ਼ੀਆਂ ਵਿਰੁੱਧ ਕੇਸਾਂ ਨੂੰ ਰੱਦ ਕਰਨਾ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਰਾਜਨੀਤਿਕ ਖੇਤਰ ਵਿੱਚ ਲਗਾਏ ਗਏ ਬੇਬੁਨਿਆਦ ਦੋਸ਼ ਨਿਆਂਇਕ ਜਾਂਚ ਅੱਗੇ ਟਿਕ ਨਹੀਂ ਸਕਦੇ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, ÷ਜਦੋਂ ਲੋਕਤੰਤਰੀ ਤਰੀਕੇ ਨਾਲ ਚੁਣੇ ਗਏ ਮੁੱਖ ਮੰਤਰੀ ਦਾ ਨਾਮ ਬਿਨਾਂ ਕਿਸੇ ਠੋਸ ਸਬੂਤ ਦੇ ਲਿਆ ਜਾਂਦਾ ਹੈ ਅਤੇ ਜਾਂਚ ਏਜੰਸੀਆਂ ਪਹਿਲੀ ਨਜ਼ਰੇ ਇੱਕ ਵੀ ਕੇਸ ਸਾਬਤ ਕਰਨ ਵਿੱਚ ਅਸਮਰੱਥ ਰਹਿੰਦਿਆਂ ਹਨ, ਤਾਂ ਇਸ ਦੀ ਸੰਸਥਾਗਤ ਯੋਗਤਾ ਅਤੇ ਉਚਿਤ ਪ੍ਰਕਿਰਿਆ ਬਾਰੇ ਸਵਾਲ ਖੜ੍ਹੇ ਹੁੰਦੇ ਹਨ। ਜਾਂਚ ਅਧਿਕਾਰੀ ਵਿਰੁੱਧ ਵਿਭਾਗੀ ਕਾਰਵਾਈ ਕਰਨ ਸਬੰਧੀ ਅਦਾਲਤ ਦਾ ਨਿਰਦੇਸ਼ ਸਾਡੇ ਸੰਵਿਧਾਨਕ ਢਾਂਚੇ ਵਿੱਚ ਜਵਾਬਦੇਹੀ ਦੀ ਅਹਿਮੀਅਤ ਨੂੰ ਉਜਾਗਰ ਕਰਦਾ ਹੈ।÷ ਇਸ ਫੈਸਲੇ ਦੇ ਵਿਆਪਕ ਰਾਜਨੀਤਿਕ ਅਤੇ ਨੈਤਿਕ ਅਰਥਾਂ ਨੂੰ ਉਜਾਗਰ ਕਰਦਿਆਂ, ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, ÷ਅਰਵਿੰਦ ਕੇਜਰੀਵਾਲ ਸਿਰਫ਼ ਬਰੀ ਨਹੀਂ ਹੋਏ, ਸਗੋਂ ਸਹੀ ਸਾਬਤ ਵੀ ਹੋਏ ਹਨ। ਜ਼ਮੀਨੀ ਪੱਧਰ 'ਤੇ ਦ੍ਰਿੜ ਇਰਾਦੇ ਵਾਲੇ ਨੇਤਾ ਦੇ ਰੂਪ ਵਿੱਚ, ਉਹ ਆਮ ਨਾਗਰਿਕ ਦੀਆਂ ਇੱਛਾਵਾਂ 'ਤੇ ਹਮੇਸ਼ਾ ਖਰੇ ਉਤਰੇ ਹਨ। ਉਨ੍ਹਾਂ ਕਿਹਾ ਕਿ ਉਹ ਆਧੁਨਿਕ ਸੋਚ ਰੱਖਣ ਵਾਲੇ ਆਗੂ ਹਨ ਅਤੇ ਉਹ ਲੋਕਾਂ ਲਈ, ਲੋਕਾਂ ਦੁਆਰਾ ਸ਼ਾਸਨ ਦੀ ਪ੍ਰਤੀਨਿਧਤਾ ਕਰਦੇ ਹਨ ਜਿਸ ਵਿੱਚ ਪਾਰਦਰਸ਼ਤਾ, ਜਨਤਕ ਸੇਵਾ ਅਤੇ ਭਾਗੀਦਾਰੀ ਵਾਲੀ ਲੋਕਤੰਤਰ 'ਤੇ ਜ਼ੋਰ ਦਿੱਤਾ ਜਾਂਦਾ ਹੈ।÷ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, "ਇਹ ਫੈਸਲਾ ਇਸ ਧਾਰਨਾ ਨੂੰ ਮਜ਼ਬੂਤ ਕਰਦਾ ਹੈ ਕਿ ਉਨ੍ਹਾਂ ਨੂੰ ਬਦਲਾਖੋਰੀ ਦੀ ਰਾਜਨੀਤੀ ਦਾ ਸ਼ਿਕਾਰ ਬਣਾਇਆ ਗਿਆ ਸੀ, ਫਿਰ ਵੀ ਉਹ ਇੱਕ ਵੱਡੀ ਸੱਚਾਈ ਦੀ ਪੁਸ਼ਟੀ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨਕ ਲੋਕਤੰਤਰ ਵਿੱਚ ਸੱਚ ਦੀ ਝੂਠ ਉੱਤੇ ਜਿੱਤ ਹੁੰਦੀ ਹੈ ਅਤੇ ਇਮਾਨਦਾਰੀ ਨੂੰ ਹਮੇਸ਼ਾ ਡਰਾਇਆ ਧਮਕਾਇਆ ਜਾਂਦਾ ਹੈ। ਮੁਸ਼ਕਲਾਂ ਨਾਲ ਭਰਿਆ ਕੇਜਰੀਵਾਲ ਦਾ ਸਫ਼ਰ ਉਹਨਾਂ ਦੀ ਹਿੰਮਤ, ਜਜ਼ਬੇ ਅਤੇ ਉਨ੍ਹਾਂ ਲੋਕਾਂ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਿਨ੍ਹਾਂ ਦੀ ਉਹ ਸੇਵਾ ਕਰਦਾ ਹੈ। ਅੰਤ, ਲੋਕਤੰਤਰ ਉਦੋਂ ਮਜ਼ਬੂਤ ਹੁੰਦਾ ਹੈ ਜਦੋਂ ਨਿਆਂ ਦੀ ਜਿੱਤ ਹੁੰਦੀ ਹੈ ਅਤੇ ਇਹ ਫੈਸਲਾ ਉਸ ਸਥਾਈ ਸਿਧਾਂਤ ਦਾ ਸਪੱਸ਼ਟ ਪ੍ਰਮਾਣ ਹੈ।

ADVERTISE YOUR BUSINESS HERE
+91-9878-55-2070

ਹਰਿਆਣਾ ਖਬਰਨਾਮਾ

# ਸਭ ਤੋਂ ਫਾਸਟ ਆਹਮੋ-ਸਾਹਮਣੇ

SABSE FAST AAMNE SAAMNE
Rni No Punpun 2015/60599
22-28 February 2026
ਕੀਮਤ : 5 ਰੁਪਏ

ADVERTISE YOUR BUSINESS HERE
+91-9878-55-2070

ਸਾਲ 2026 / ਸੰਪਾਦਕ : ਐੱਸ. ਕੇ. ਸਕਸੈਨਾ / ਈ-ਮੇਲ : editoraamnesaamne@gmail.com/ ਮੋਬਾਈਲ : 9878552070, 9780802013

# ਖਿਡਾਰੀਆਂ ਦੇ ਸਨਮਾਨ ਸੁਰੱਖਿਆ ਅਤੇ ਸਹੂਲਤਾਂ ਨੂੰ ਲੈ ਕੇ ਪੂਰੀ ਤਰ੍ਹਾਂ ਸੰਵੇਦਨਸ਼ੀਲ ਅਤੇ ਪ੍ਰਤਿਬਧ ਹੈ ਸਰਕਾਰ-ਨਾਇਬ ਸਿੰਘ ਸੈਣੀ

## ਕਿਹਾ, ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਖੇਡਾਂ ਦੇ ਖੇਤਰ ਵਿੱਚ ਇਤਿਹਾਸਿਕ ਤਰੱਕੀ ਹੋਈ

ਐਸ. ਕੇ. ਸਕਸੈਨਾ

ਚੰਡੀਗੜ੍ਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੌਜੂਦਾ ਸਰਕਾਰ ਖਿਡਾਰੀਆਂ ਦੇ ਸਨਮਾਨ ਸੁਰੱਖਿਆ ਅਤੇ ਸਹੂਲਤਾਂ ਨੂੰ ਲੈ ਕੇ ਪੂਰੀ ਤਰਹਾਂ ਸੰਵੇਦਨਸ਼ੀਲ ਅਤੇ ਪ੍ਰਤਿਬਧ ਹੈ। ਮੁੱਖ ਮੰਤਰੀ ਅੱਜ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਰਾਜਪਾਲ ਦੇ ਵਿਵਾਸਨ ਤੇ ਵੀ ਪੱਖੀ ਮੈਂਬਰਾਂ ਵੱਲੋਂ ਖੇਡ ਅਤੇ ਖਿਡਾਰੀਆਂ ਨਾਲ ਸੰਬੰਧਿਤ ਚੁੱਕੇ ਗਏ ਮੁੱਦਿਆਂ ਦਾ ਜਵਾਬ ਦੇ ਰਹੇ ਸਨ। ਉਹਨਾਂ ਨੇ ਵੀ ਪੱਖ ਦੇ ਮੈਂਬਰਾਂ ਵੱਲੋਂ ਖਿਡਾਰੀਆਂ ਦਾ ਸਨਮਾਨ ਨਹੀਂ ਖੇਡ ਸੁਵਿਧਾਵਾਂ ਨਦਾਰਦ ਹੋਣ ਦੇ ਸਵਾਲ ਤੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਕੁਸ਼ਲ ਅਤੇ ਦੂਰਦਰਸ਼ੀ ਅਗਵਾਈ ਵਿੱਚ ਪਿਛਲੇ 11 ਸਾਲਾਂ ਵਿੱਚ ਖੇਡਾਂ ਦੇ ਖੇਤਰ ਵਿੱਚ ਇਤਿਹਾਸਿਕ ਤਰੱਕੀ ਹੋਈ ਹੈ। ਓਲੰਪਿਕ ਹੋਵੇ ਜਾਂ ਪੈਰਾਂ ਲੰਪਿਕ, ਕੌਮਨ ਵੈਲਥ ਗੇਮਸ ਹੋਵੇ ਜਾਂ ਏਸ਼ੀਅਨ ਗੇਮਸ ਹਰ ਥਾਂ ਸਾਡੇ ਖਿਡਾਰੀਆਂ ਨੇ ਭਾਰਤ ਦਾ ਪ੍ਰਚਮ ਲਹਿਰਾਇਆ ਹੈ। ਖੇਡੋ ਇੰਡੀਆ ਅਤੇ ਫਿਟ ਇੰਡੀਆ ਜਿਹੇ ਅਭਿਆਨਾ ਨੇ ਖੇਡਾਂ ਨੂੰ ਜਨ ਅੰਦੋਲਨ ਬਣਾਇਆ ਹੈ ਅਤੇ ਨੌਜਵਾਨਾਂ ਨੂੰ ਨਵੀ ਦਿਸ਼ਾ ਦਿੱਤੀ ਹੈ। ਅਸੀਂ ਪੂਰੇ ਰਾਜ ਵਿੱਚ ਖੇਡ ਸਹੂਲਤਾਂ ਦੇ ਵਿਆਪਕ ਵਿਕਾਸ ਦਾ ਬੀੜਾ ਚੁੱਕਿਆ ਹੈ। ਪਿਛਲੇ 11 ਸਾਲਾਂ ਵਿੱਚ ਖੇਡ ਅਵਸਰਚਨਾਂ ਤੇ 989 ਕਰੋੜ ਰੁਪਏ ਖਰਚ ਕੀਤੇ ਗਏ ਹਨ। ਖੇਲ ਵਿਭਾਗ ਦੇ ਬਜਟ ਕੁ ਨੀ ਅਸੀਂ ਦੋ ਗੁਣੇ ਤੋਂ ਵੀ ਵੱਧ ਵਧਾਇਆ ਹੈ ਜਿੱਥੇ ਸਾਲ 2014 -15 ਵਿੱਚ ਇਹ 275 ਕਰੋੜ ਰੁਪਏ ਸੀ ਉਥੇ ਹੀ ਇਸ ਵਿੱਤੀ ਸਾਲ ਵਿੱਚ 590 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ। ਅੱਜ ਹਰਿਆਣਾ ਵਿੱਚ ਤਿੰਨ ਰਾਜ ਪੱਧਰੀ ਖੇਡ ਪਰਿਸਰ, 21 ਜਿਲ ?ਾ ਪੱਧਰੀ ਖੇਡ ਸਟੇਡੀਅਮ, 25 ਸ ਡਿਵੀਜ਼ਨਲ ਸਟੇਡੀਅਮ, 163 ਰਾਜੀਵ ਗਾਂਧੀ ਗ੍ਰਾਮੀਨ ਖੇਡ ਕੰਪਲੈਕਸ, 245 ਗ੍ਰਾਮ ਇਨ ਸਟੇਡੀਅਮ ਅਤੇ 382 ਇਨਡੋਰ ਜਿਮ ਪਿੰਡ ਪਿੰਡ ਤੱਕ ਉਪਲਬਧ ਹਨ। ਇਹਨਾਂ ਦੇ ਇਲਾਵਾ ਦਸ ਸਵਿਮਿੰਗ ਪੂਲ, 11 ਸਿੰਥੇਟਿਕ ਐਥਲੈਟਿਕਸ ਟਰੈਕ, 14 ਹਾਕੀ ਐਸਟਰੋਟਰਫ, ਦੋ ਫੁੱਟਬਾਲ ਸਿੰਥੈਟਿਕ ਸਤੈ ਅਤੇ ਨੌ ਬਹੁ ਉਦੇਸੀ ਹਾਲ ਵੀ ਵਿਕਸਿਤ ਕੀਤੇ ਗਏ ਹਨ। ਸਾਲ 2022 ਵਿੱਚ ਖੇਡ ਯੂਨੀਵਰਸਿਟੀ ਦੀ ਸਥਾਪਨਾ ਵੀ ਸਾਡੀ ਸਰਕਾਰ ਦੀ ਦੂਰ ਦ੍ਰਿਸ਼ਟੀ ਦਾ ਹੀ ਨਤੀਜਾ ਹੈ। ਮੁੱਖ ਮੰਤਰੀ



ਨੇ ਕਿਹਾ ਕਿ ਰਾਜ ਸਰਕਾਰ ਨੇ ਸਿਰਫ ਖੇਡ ਸਹੂਲਤਾਂ ਹੀ ਨਹੀਂ ਦਿੱਤੀ ਸਗੋਂ ਖਿਡਾਰੀਆਂ ਦੇ ਭਵਿੱਖ ਨੂੰ ਸੁਰੱਖਿਤ ਕਰਨ ਦਾ ਠੋਸ ਪ੍ਰਬੰਧ ਕੀਤਾ ਹੈ। ਕਲਾਸ ਵਨ ਤੋਂ ਕਲਾਸ ਫੋਰ ਤੱਕ ਦੀ ਸਿੱਧੀ ਭਰਤੀ ਵਿੱਚ ਖਿਡਾਰੀਆਂ ਦੇ ਲਈ ਰੀਜਰਵੇਸ਼ਨ ਦਾ ਪ੍ਰਾਵਧਾਨ ਕੀਤਾ ਗਿਆ ਹੈ ਹੁਣ ਤੱਕ31 ਖਿਡਾਰੀਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾ ਚੁੱਕੀ ਹੈ। ਤਗਮਾ ਵਿਜੇਤਾ ਖਿਡਾਰੀਆਂ ਨੂੰ 6 ਕਰੋੜ ਰੁਪਏ ਤੱਕ ਦਾ ਨਕਦ ਪੁਰਸਕਾਰ ਦਿੱਤਾ ਜਾਂਦਾ ਹੈ। ਹੁਣ ਤਖਤ 641 ਕਰੋੜ ਰੁਪਏ ਤੋਂ ਵੱਧ ਦੀ ਪੁਰਸਕਾਰ ਰਕਮ ਖਿਡਾਰੀਆਂ ਨੂੰ ਪ੍ਰਦਾਨ ਕੀਤੀ ਜਾ ਚੁੱਕੀ ਹੈ। ਇਹ ਸਿਰਫ ਆਕੜੇ ਨਹੀਂ ਸਗੋਂ ਖਿਡਾਰੀ ਪ੍ਰਤੀ ਸਾਡੀ ਸਰਕਾਰ ਦੀ ਸੰਵੇਦਨਸ਼ੀਲਤਾ ਸਨਮਾਨ ਅਤੇ ਸੰਕਲਪ ਦਾ ਜਿਉਂਦਾ ਜਾਗਦਾ ਪ੍ਰਮਾਣ ਹੈ। ਮੁੱਖ ਮੰਤਰੀ ਨੇ ਵੀ ਪੱਖ ਦੇ ਮੈਂਬਰਾਂ ਵੱਲੋਂ ਲਗਾਏ ਗਏ ਸੂਬੇ ਵਿੱਚ ਬੇਰੋਜ਼ਗਾਰੀ ਵਧਾਉਣ ਦੇ ਆਰੋਪ ਤੇ ਜਵਾਬ ਦਿੱਤਾ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਤਾਂ ਸੀਐਮ ਆਈ ਨਮਕ ਸੰਸਥਾ ਦੀ ਕਿਸੇ ਰਿਪੋਰਟ ਦਾ ਵੀ ਜ਼ਿਕਰ ਨਹੀਂ ਕੀਤਾ ਉਹਨਾਂ ਨੇ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ ਦੀ ਹੈਂਡ ਬੁੱਕ ਆਫ ਸੈਟਿਸਟਿਕ ਇੰਡੀਅਨ ਸਟੈਟ ਸਾਫ ਦੱਸਦੀ ਹੈ ਕਿ ਹਰਿਆਣਾ ਦੇ ਗ੍ਰਾਹਮਣ ਖੇਤਰ ਦੀ ਬੇਰੋਜ਼ਗਾਰੀ ਦਰ ਹੁਣ ਸਿਰਫ 3.1 ਫੀਸਦੀ ਹੈ ਇਹ ਉੱਤਰੀ ਭਾਰਤ ਦੇ ਸਾਰੇ ਰਾਜਾਂ ਵਿੱਚੋਂ ਸਭ ਤੋਂ ਘੱਟ ਹੈ ਸਾਡੇ ਪੜੋਸੀ ਰਾਜ ਜੰਮੂ ਕਸ਼ਮੀਰ ਅਤੇ ਹਿਮਾਚਲ ਵਿੱਚ ਬੇਰੋਜ਼ਗਾਰੀ ਦੀ ਦਰ ਪੰਜ ਫੀਸਦੀ ਦਿੱਲੀ ਵਿੱਚ 6 ਫੀਸਦੀ ਪੰਜਾਬ ਵਿੱਚ ਪੰਜ ਪੁਆਇੰਟ ਚਾਰ ਫੀਸਦੀ ਅਤੇ ਰਾਜਸਥਾਨ ਵਿੱਚ 3.2 ਫੀਸਦੀ ਹੈ। ਸਾਲ 2022-23 ਦੀ ਤੁਲਨਾ ਵਿੱਚ 2023-24 ਵਿੱਚ ਸਪਸ਼ਟ ਕਿਹਾ ਗਿਆ ਹੈ ਕਿ ਹਰਿਆਣਾ ਨੇ ਗ੍ਰਾਮਣ ਬੇਰੋਜ਼ਗਾਰੀ ਘੱਟ ਕਰਨ ਵਿੱਚ ਬਹੁਤ ਚੰਗਾ ਕੰਮ ਕੀਤਾ ਹੈ। ਉਹਨਾਂ ਨੇ ਕਿਹਾ ਕਿ ਇਸ ਦੌਰਾਨ ਹਿਮਾਚਲ ਵਿੱਚ ਬੇਰੁਜ਼ਗਾਰੀ ਦਰ5 ਫੀਸਦੀ ਵਧੀ ਅਤੇ ਜੰਮੂ ਕਸ਼ਮੀਰ ਵਿੱਚ ਵੀ 1.6 ਫੀਸਦੀ ਵਧੀ ਉਥੇ ਹੀ ਰਾਜਸਥਾਨ ਵਿੱਚ ਜੀਰੋ ਪੁਆਇੰਟ2 ਫੀਸਦੀ ਅਤੇ ਪੰਜਾਬ ਵਿੱਚ ਸਿਰਫ 0.8 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਜਦੋਂ ਕਿ ਹਰਿਆਣਾ ਵਿੱਚ ਇਹ ਗਿਰਾਵਟ 2.7 ਫੀਸਦੀ ਦਰਜ ਕੀਤੀ ਗਈ ਹੈ। ਇਸੇ ਤਰ੍ਹਾਂ ਹਰਿਆਣਾ ਵਿੱਚ ਸ਼ਹਿਰੀ ਬੇਰੋਜ਼ਗਾਰੀ ਦਰ ਸਿਰਫ 4 ਫੀਸਦੀ ਹੈ। ਇਹ ਵੀ ਉੱਤਰੀ ਭਾਰਤ ਦੇ ਰਾਜਿਆਂ ਦੀ ਤੁਲਨਾ ਵਿੱਚ ਬਹੁਤ ਘੱਟ ਹੈ ਹਿਮਾਚਲ ਵਿੱਚ ਸਹਿਰੀ ਬੇਰੋਜ਼ਗਾਰੀ ਦਰ 10 ਫੀਸਦੀ ,ਜੰਮੂ ਕਸ਼ਮੀਰ ਵਿੱਚ 11.4 ਫੀਸਦੀ ,ਪੰਜਾਬ ਵਿੱਚ 5.6 ਫੀਸਦੀ ,ਰਾਜਸਥਾਨ ਵਿੱਚ 7.7 ਫੀਸਦੀ ਅਤੇ ਚੰਡੀਗੜ੍ਹ ਵਿੱਚ 7.1 ਫੀਸਦੀ ਦਰਜ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਬੇਰੋਜ਼ਗਾਰੀ ਹਟਾਉਣ ਦੇ ਠੋਸ ਯਤਨ ਕੀਤੇ ਹਨ। ਅਸੀਂ ਸਾਲ 2014 ਤੋਂ ਹੁਣ ਤੱਕ 80 ਨੌਜਵਾਨਾਂ ਨੂੰ ਯੋਗਤਾ ਦੇ ਆਧਾਰ ਤੇ ਸਰਕਾਰੀ ਨੌਕਰੀਆਂ ਦਿੱਤੀ ਆ ਹਨ ਉਹਨਾਂ ਨੇ ਦੱਸਿਆ ਕਿ ਕਾਂਗਰਸ ਦੇ 10 ਸਾਲ ਦੇ ਸ਼ਾਸਨ ਕਾਲ ਵਿੱਚ ਸਿਰਫ 86 ਹਜਰ ਸਰਕਾਰੀ ਨੌਕਰੀਆਂ ਦਿੱਤੀ ਗਈ ਉਹਨਾਂ ਨੇ ਕਿਹਾ ਕਿ ਹਰਿਆਣਾ ਕੌਸ਼ਲ ਰੋਜ਼ਗਾਰ ਨਿਗਮ ਦਾ ਗਠਨ ਕਰਕੇ ਸੂਬੇ ਦੇ ਨੌਜਵਾਨਾਂ ਨੂੰ ਪ੍ਰਾਈਵੇਟ ਠੇਕੇਦਾਰਾਂ ਦੇ ਸ਼ੋਸ਼ਣ ਤੋਂ ਮੁਕਤ ਕੀਤਾ ਹੈ। ਇਹ ਹੀ ਨਹੀਂ ਅਸੀਂ ਤਾਂ ਇਸੇ ਨਿਗਮ ਰਾਹੀ ਉਹਨਾਂ ਨੂੰ ਉਠਾਵਨ ਸਾਲ ਦੀ ਉਮਰ ਤਕ ਨੌਕਰੀ ਕਰਨ ਦਾ ਕਾਨੂੰਨੀ ਅਧਿਕਾਰ 1 ਲੱਖ ਤੋਂ ਵੀ ਵੱਧ ਕੱਚੇ ਕਰਮਚਾਰੀਆਂ ਨੂੰ ਦਿੱਤਾ ਅਸੀਂ 1 ਲੱਖ 2 ਹਜਾਰ ਨੌਜਵਾਨਾਂ ਨੂੰ ਇਸ ਨਿਗਮ ਰਾਹੀ ਨੌਕਰੀ ਦਿੱਤੀ ਹੈ।

# 11 ਸਾਲਾਂ ਵਿੱਚ ਕਿਸਾਨਾਂ ਨੂੰ ਮੁਆਵਜ਼ਾ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਕਲੇਮ ਦੇ ਦਿੱਤੇ 15 ਹਜ਼ਾਰ 448 ਕਰੋੜ

ਕੈਪਟਨ ਸੁਭਾਸ਼ ਚੰਦਰ ਸ਼ਰਮਾ

ਚੰਡੀਗੜ੍ਹ, - ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਫਸਲਾਂ ਦੀ ਖਰਾਬੀ ਕਾਰਨ ਪਿਛਲੇ 11 ਸਾਲਾਂ ਵਿੱਚ ਸੂਬੇ ਵਿੱਚ ਕਿਸਾਨਾਂ ਨੂੰ ਮੁਆਵਜ਼ੇ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਕਲੇਮ ਵਜੋਂ ਹੁਣ ਤੱਕ 15 ਹਜ਼ਾਰ 448 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਹੈ। ਮੁੱਖ ਮੰਤਰੀ ਅੱਜ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਰਾਜਪਾਲ ਦੇ ਭਾਸ਼ਣ ’ਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਉਠਾਏ ਗਏ ਮੁੱਦਿਆਂ ਦਾ ਜਵਾਬ ਦੇ ਰਹੇ ਸਨ। ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਿਛਲੇ ਸਾਲ ਅਗਸਤ-ਸਤੰਬਰ, 2025 ਵਿੱਚ ਹਰਿਆਣਾ ਵਿੱਚ ਭਾਰੀ ਬਾਰਿਸ਼ ਕਾਰਨ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਦੀ ਸਥਿਤੀ ਪੈਦਾ ਹੋ ਗਈ ਸੀ, ਜਿਸ ਦਾ ਉਨ੍ਹਾਂ ਨੇ ਦੌਰਾ ਕੀਤਾ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਲਈ ਈ-ਮੁਆਵਜ਼ਾ ਪੋਰਟਲ 15 ਸਤੰਬਰ ਤੱਕ ਖੋਲ੍ਹਿਆ ਗਿਆ ਸੀ। ਇਸ ਨੁਕਸਾਨ ਦੀ ਭਰਪਾਈ ਲਈ 53 ਹਜ਼ਾਰ 821 ਕਿਸਾਨਾਂ ਨੂੰ 116 ਕਰੋੜ 15 ਲੱਖ 57 ਹਜ਼ਾਰ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਵਿੱਚ ਬਾਜਰੇ ਦੀ ਫਸਲ ਲਈ 35 ਕਰੋੜ 29 ਲੱਖ ਰੁਪਏ, ਕਪਾਹ ਲਈ 27 ਕਰੋੜ 43 ਲੱਖ ਰੁਪਏ, ਝੋਨੇ ਲਈ 22 ਕਰੋੜ 91 ਲੱਖ ਰੁਪਏ ਅਤੇ ਗੁਆਰੇ ਲਈ 14 ਕਰੋੜ 10 ਲੱਖ ਰੁਪਏ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਸਰਕਾਰ ਹੜ੍ਹ ਕਾਰਨ ਪਸ਼ੂਆਂ ਦੇ ਹੋਏ ਨੁਕਸਾਨ, ਘਰਾਂ ਦੇ ਨੁਕਸਾਨ ਅਤੇ ਹੋਰ ਉਪਯੋਗੀ ਵਸਤੂਆਂ ਦੀ ਭਰਪਾਈ ਲਈ 4 ਕਰੋੜ 72 ਲੱਖ ਰੁਪਏ ਦੀ ਰਾਸ਼ੀ ਜਾਰੀ ਕਰ ਚੁੱਕੀ ਹੈ। ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਮੁਆਵਜ਼ਾ ਨਾ ਮਿਲਣ ਦੇ ਮੁੱਦੇ ’ਤੇ ਉਨ੍ਹਾਂ ਕਿਹਾ ਕਿ ਅਸੀਂ ਇਸ ਬਾਰੇ ਜਾਂਚ ਕੀਤੀ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਪੋਰਟਲ ’ਤੇ ਪਟਵਾਰੀਆਂ ਵੱਲੋਂ ਕੁਝ ਇਲਾਕਿਆਂ ਦੀਆਂ ਡੁਪਲੀਕੇਟ ਫੋਟੋਆਂ ਅਪਲੋਡ ਕੀਤੀਆਂ ਗਈਆਂ ਸਨ। ਇਸ ਤਕਨੀਕੀ ਨੁਕਸ ਕਾਰਨ ਪਟਵਾਰੀਆਂ ਵੱਲੋਂ ਡੁਪਲੀਕੇਟ ਫੋਟੋਆਂ ਅਪਲੋਡ ਕਰਨ ਦਾ ਇਹ ਗੰਭੀਰ ਮਾਮਲਾ ਅਜੇ ਵੀ ਸਰਕਾਰ ਕੋਲ ਲੰਬਿਤ ਹੈ। ਅੰਤਿਮ ਫੈਸਲਾ ਲੈਂਦੇ ਹੀ ਬਾਕੀ ਯੋਗ ਕਿਸਾਨਾਂ ਦੇ ਸਬੰਧ ਵਿੱਚ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਕਿਸਾਨਾਂ ਅਤੇ ਕਲੇਮ ਨੂੰ ਮੁਆਵਜ਼ੇ ਵਜੋਂ 15 ਹਜ਼ਾਰ 448 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਹੈ, ਜਦੋਂ ਕਿ ਕਾਂਗਰਸ ਸਰਕਾਰ ਦੇ 10 ਸਾਲਾਂ ਦੇ ਸ਼ਾਸਨ ਦੌਰਾਨ 1 ਹਜ਼ਾਰ 138 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਸੀ। ਕਾਂਗਰਸ ਸਰਕਾਰ ਨੇ ਕਿਸਾਨਾਂ ਲਈ 269 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਛੱਡ ਦਿੱਤੀ ਸੀ। ਅਸੀਂ ਸਾਲ 2014 ਵਿੱਚ ਜਨਤਕ ਸੇਵਾ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਸਾਲ 2015 ਵਿੱਚ ਇਸਨੂੰ ਜਾਰੀ ਕੀਤਾ ਸੀ। ਵਿਰੋਧੀ ਧਿਰ ਵੱਲੋਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਉਠਾਏ ਗਏ ਮੁੱਦੇ ’ਤੇ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਦਾ ਹਿੱਤ ਸਾਡੀਆਂ ਨੀਤੀਆਂ ਦੇ ਕੇਂਦਰ ਵਿੱਚ ਹੈ। ਅਸੀਂ ਆਪਣੇ ਮਤੇ 2024 ਵਿੱਚ ਸਾਰੀਆਂ 24 ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ’ਤੇ ਖਰੀਦਣ ਦਾ ਸੰਕਲਪ ਲਿਆ ਸੀ। ਜਦੋਂ ਸਾਡੀ ਸਰਕਾਰ ਰਸਮੀ ਤੌਰ ’ਤੇ 17 ਅਕਤੂਬਰ, 2024 ਨੂੰ ਬਣੀ ਸੀ, ਤਾਂ ਅਸੀਂ 19 ਦਸੰਬਰ ਨੂੰ ਕਿਸਾਨਾਂ ਦੀਆਂ 24 ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ’ਤੇ ਖਰੀਦਣ ਲਈ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਉਨ੍ਹਾਂ ਕਿਹਾ ਕਿ ਅੱਜ ਹਰਿਆਣਾ ਦੇਸ਼ ਦਾ ਇੱਕੋ ਇੱਕ ਅਜਿਹਾ ਰਾਜ ਹੈ ਜਿੱਥੇ ਕਿਸਾਨਾਂ ਦੀ 24 ਫਸਲਾਂ ਘੱਟੋ-ਘੱਟ ਸਮਰਥਨ ਮੁੱਲ ’ਤੇ ਖਰੀਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ 12 ਸੀਜ਼ਨਾਂ ਵਿੱਚ ਹੁਣ ਤੱਕ 12 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ 1 ਲੱਖ 64 ਹਜ਼ਾਰ ਕਰੋੜ ਰੁਪਏ ਜਮ ?ਹਾ ਕੀਤੇ ਗਏ ਹਨ। ਇੰਨਾ ਹੀ ਨਹੀਂ, ਅਸੀਂ ਪਿਛਲੇ 11 ਸਾਲਾਂ ਵਿੱਚ ਕਿਸਾਨਾਂ ਨੂੰ ਮੁਆਵਜ਼ੇ ਵਜੋਂ 15 ਹਜ਼ਾਰ 457 ਕਰੋੜ ਰੁਪਏ ਦਿੱਤੇ ਹਨ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਕਿਸਾਨਾਂ ਦੇ ਖਾਤਿਆਂ ਵਿੱਚ 7 ਹਜ਼ਾਰ 233 ਕਰੋੜ ਰੁਪਏ ਜਮ ?ਹਾ ਕੀਤੇ ਗਏ ਹਨ।

# ਫਰਜੀ ਏਜੰਟਾਂ ’ਤੇ ਵਾਰ, ਡੰਕੀ ਰੂਟ ’ਤੇ ਵਾਰ ਨੌਜਵਾਨਾਂ ਦਾ ਭਵਿੱਖ ਨਾਲ ਖਿਲਵਾੜ ਨਹੀਂ ਹੋਣ ਦੇਵੇਗੀ ਸਰਕਾਰ

ਮਨਦੀਪ ਕੌਰ

ਚੰਡੀਗੜ੍ਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਵਿੱਚ ਨੌਜਵਾਨਾਂ ਦੇ ਹੁਨਰ ਅਤੇ ਰੁਜ਼ਗਾਰ ਲਈ ਕਈ ਪ੍ਰਭਾਵਸ਼ਾਲੀ ਕਦਮ ਚੁੱਕੇ ਗਏ ਹਨ। ਜੇਕਰ ਕੋਈ ਨੌਜਵਾਨ ਵਿਦੇਸ਼ ਜਾਣਾ ਚਾਹੁੰਦਾ ਹੈ ਤਾਂ ਵੀ ਉਸਦੀ ਮਦਦ ਲਈ ’ਵਿਦੇਸ਼ੀ ਸਹਿਯੋਗ ਵਿਭਾਗ’ ਬਣਾਇਆ ਗਿਆ ਹੈ। ਇਹ ਵਿਭਾਗ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਰੁਜ਼ਗਾਰ ਅਤੇ ਸਿੱਖਿਆ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਮੁੱਖ ਮੰਤਰੀ ਸ਼ੁੱਕਰਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਰਾਜਪਾਲ ਦੇ ਭਾਸ਼ਣ ’ਤੇ ਵਿਰੋਧੀ ਧਿਰ ਵੱਲੋਂ ਰੱਖੀਆਂ ਗਈਆਂ ਗੱਲਾਂ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਰੁਜ਼ਗਾਰ, ਸਿੱਖਿਆ, ਕਾਰੋਬਾਰ ਅਤੇ ਨਿਵੇਸ਼ ਨਾਲ ਸਬੰਧਤ ਜਾਣਕਾਰੀ ’ਵਿਦੇਸ਼ੀ ਸਹਿਯੋਗ ਵਿਭਾਗ’ ਦੀ ਵੈੱਬਸਾਈਟ ’ਤੇ ਉਪਲਬਧ ਹੈ। ਇਸ ਤੋਂ ਇਲਾਵਾ, ਅਧਿਕਾਰਤ ਵਿਦੇਸ਼ੀ ਭੇਜਣ ਵਾਲੇ ਏਜੰਟਾਂ ਦੀ ਸੂਚੀ ਵੀ ਉਪਲਬਧ ਹੈ। ਇਸ ਵੈੱਬਸਾਈਟ ਰਾਹੀਂ, ਨੌਜਵਾਨ ਵਿਦੇਸ਼ ਜਾਣ ਦੀ ਪ੍ਰਕਿਰਿਆ, ਲੋੜੀਂਦੇ ਦਸਤਾਵੇਜ਼ਾਂ ਅਤੇ ਸਰਕਾਰੀ ਸਹਾਇਤਾ ਬਾਰੇ ਜਾਣਕਾਰੀ ਪ੍ਰਾਪਤ ਕਰ

> **ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੀ ਸਹਾਇਤਾ ਲਈ ਸਰਕਾਰ ਦਾ ’ਵਿਦੇਸ਼ੀ ਸਹਿਯੋਗ ਵਿਭਾਗ’ ਸਰਗਰਮ**

ਸਕਦੇ ਹਨ। ਉਨ੍ਹਾਂ ਨੇ ਸਦਨ ਵਿੱਚ ਰਾਜ ਦੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਅਤੇ ਕਿਹਾ ਕਿ ਉਹ ਗਲਤ ਤਰੀਕੇ ਨਾਲ ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਜਾਲ ਵਿੱਚ ਨਾ ਫਸਣ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਡੰਕੀ ਰੂਟ ਰਾਹੀਂ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲੇ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ। ਪ੍ਰਵਾਸੀ ਧੋਖਾਧੜੀ ਨੂੰ ਰੋਕਣ ਅਤੇ ਟ ?ਰੈਵਲ ਏਜੰਟਾਂ ਨੂੰ ਨਿਯਮਤ ਕਰਨ ਲਈ ਵੀ ਕਾਨੂੰਨ ਬਣਾਇਆ ਗਿਆ ਹੈ। ਸਰਕਾਰ HKRNS ਰਾਹੀਂ ਕਾਨੂੰਨੀ ਰਸਤੇ ਰਾਹੀਂ ਨੌਜਵਾਨਾਂ ਨੂੰ ਵਿਦੇਸ਼ ਭੇਜ ਰਹੀ ਹੈ। ਉਨ੍ਹਾਂ ਕਿਹਾ ਕਿ HKRNL ਨੂੰ ਵਿਦੇਸ਼ ਮੰਤਰਾਲੇ ਦੁਆਰਾ ਭਰਤੀ ਏਜੰਟ ਲਾਇਸੈਂਸ ਦੀ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ ਹੈ। ਇਸ ਵਿਸ਼ੇ ਵਿੱਚ HKRNL ਦੁਆਰਾ ਸਮੇਂ-ਸਮੇਂ ’ਤੇ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ।



# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਬੁਢਾਪਾ ਪੈਨਸ਼ਨ ’ਤੇ ਵਿਰੋਧੀ ਧਿਰ ’ਤੇ ਤਿੱਖਾ ਹਮਲਾ

## ਝੂਠ ਅਤੇ ਗੁਮਰਾਹ ਦੀ ਰਾਜਨੀਤੀ ਬੇਨਕਾਬ- ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਰਮਨ ਕੁਮਾਰ

ਚੰਡੀਗੜ੍ਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁਢਾਪਾ ਪੈਨਸ਼ਨ ਬਾਰੇ ਵਿਰੋਧੀ ਧਿਰ ਵੱਲੋਂ ਦਿੱਤੇ ਗਏ ਬਿਆਨਾਂ ’ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਵਿਰੋਧੀ ਧਿਰ ਬਜ਼ੁਰਗਾਂ ਦੀ ਪੈਨਸ਼ਨ ਕੱਟਣ ਦੇ ਸੰਵੇਦਨਸ਼ੀਲ ਮੁੱਦੇ ’ਤੇ ਝੂਠ ਅਤੇ ਭਰਮ ਫੈਲਾਉਣ ਵਿੱਚ ਲੱਗੀ ਹੋਈ ਹੈ। ਸਰਕਾਰ ਕਿਸੇ ਦੀ ਪੈਨਸ਼ਨ ਨਹੀਂ ਖੋਹ ਰਹੀ, ਸਗੋਂ ਇਸਨੂੰ ਹਰ ਯੋਗ ਵਿਅਕਤੀ ਤੱਕ ਪਹੁੰਚਾਉਣ ਲਈ ਕੰਮ ਕਰ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਵਿਰੋਧੀ ਧਿਰ ਦਾ ਇੱਕੋ ਇੱਕ ਏਜੰਡਾ ਝੂਠ ਬੋਲ ਕੇ ਰਾਜਨੀਤੀ ਕਰਨਾ ਹੈ। ਮੁੱਖ ਮੰਤਰੀ ਸ਼ੁੱਕਰਵਾਰ ਨੂੰ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਰਾਜਪਾਲ ਦੇ ਭਾਸ਼ਣ ’ਤੇ ਵਿਰੋਧੀ ਧਿਰ ਵੱਲੋਂ ਉਠਾਏ ਗਏ ਮੁੱਦੇ ਦਾ ਜਵਾਬ ਦੇ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਸਰਕਾਰ ਇੱਕ ਪਾਰਦਰਸ਼ੀ ਪ੍ਰਣਾਲੀ ਲੈ ਕੇ ਆਈ ਹੈ। ਕਾਂਗਰਸ ਦੌਰਾਨ ਹੋ ਰਹੀ ਲੁੱਟ-ਖਸੁੱਟ ਨੂੰ ਉਨ੍ਹਾਂ ਦੀ ਸਰਕਾਰ ਨੇ ਰੋਕ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲਗਭਗ 1 ਲੱਖ 30 ਹਜ਼ਾਰ ਮਾਮਲਿਆਂ ਵਿੱਚ ਕੁਝ ਗਲਤੀਆਂ ਪਾਈਆਂ ਗਈਆਂ ਹਨ, ਜੋ ਕਿ ਉਮਰ, ਆਮਦਨ ਆਦਿ ਨਾਲ ਸਬੰਧਤ ਸਨ। ਉਨ੍ਹਾਂ ਦੀ ਪੈਨਸ਼ਨ ਨੂੰ ਰੋਕਿਆ ਨਹੀਂ ਗਿਆ ਹੈ। ਸਗੋਂ ਇਨ੍ਹਾਂ ਕਮੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਇਤਿਹਾਸ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। 1992 ਵਿੱਚ, ਕਾਂਗਰਸ ਸਰਕਾਰ ਨੇ ਪਹਿਲੀ ਵਾਰ 10 ਹਜ਼ਾਰ ਰੁਪਏ ਦੀ ਆਮਦਨ ਸੀਮਾ ਨਿਰਧਾਰਤ ਕੀਤੀ ਸੀ ਅਤੇ ਉਸ ਸਮੇਂ ਪੈਨਸ਼ਨ 100 ਰੁਪਏ ਸੀ। ਸਾਲਾਂ ਤੱਕ ਉਨ੍ਹਾਂ ਨੇ ਸੀਮਾ ਨਹੀਂ ਬਦਲੀ। 1992 ਤੋਂ 2009 ਤੱਕ, ਕਾਂਗਰਸ ਅਤੇ ਇਨੈਲੋ ਸਰਕਾਰਾਂ ਨੇ ਨਾ ਤਾਂ ਆਮਦਨ ਸੀਮਾ ਨੂੰ ਹਟਾਇਆ ਅਤੇ ਨਾ ਹੀ ਇਸਨੂੰ ਵਧਾਇਆ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਦੀ ਭਾਜਪਾ ਸਰਕਾਰ ਨੇ ਸਾਲ 2023 ਵਿੱਚ ਆਮਦਨ ਸੀਮਾ 2 ਲੱਖ

> **ਕਾਂਗਰਸ ਨੇ ਕਾਰਜਕਾਲ ’ਤੇ ਚੁੱਕੇ ਸੁਆਲ, ਕਿਹਾ: ਅਯੋਗਾਂ ਨੂੰ ਪੈਨਸ਼ਨ, ਇੱਕ ਵੱਡਾ ਘੌਟਾਲਾ**

ਰੁਪਏ ਤੋਂ ਵਧਾ ਕੇ 3 ਲੱਖ ਰੁਪਏ ਕਰ ਦਿੱਤੀ ਅਤੇ ਲਾਭਪਾਤਰਾਂ ਦੀ ਗਿਣਤੀ 17 ਲੱਖ 98 ਹਜ਼ਾਰ ਤੱਕ ਪਹੁੰਚ ਗਈ। ਅੱਜ 20 ਲੱਖ ਤੋਂ ਵੱਧ ਬਜ਼ੁਰਗ ਪੈਨਸ਼ਨ ਲੈ ਰਹੇ ਹਨ। ਜੇਕਰ ਪੈਨਸ਼ਨ ਵਿੱਚ ਕਟੌਤੀ ਕੀਤੀ ਜਾਂਦੀ ਹੈ, ਤਾਂ ਇਹ ਗਿਣਤੀ ਕਿਵੇਂ ਵਧੇਗੀ? ਇਸ ਸਵਾਲ ਦਾ ਜਵਾਬ ਕੌਣ ਦੇਵੇਗਾ? ਉਨ੍ਹਾਂ ਕਿਹਾ ਕਿ ਅੱਜ ਸਾਡੀ ਸਰਕਾਰ ਨੇ 11 ਸਾਲਾਂ ਵਿੱਚ ਪੈਨਸ਼ਨ 1,000 ਰੁਪਏ ਤੋਂ ਵਧਾ ਕੇ 3,200 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ। ਇਹ 2,200 ਰੁਪਏ ਦਾ ਸਭ ਤੋਂ ਵੱਡਾ ਵਾਧਾ ਹੈ। ਇਹ ਬਜ਼ੁਰਗਾਂ ਦੇ ਸਤਿਕਾਰ ਦਾ ਸਬੂਤ ਹੈ। ਮੁੱਖ ਮੰਤਰੀ ਨੇ ਕਾਂਗਰਸ ਦੇ ਸਮੇਂ ਵਿੱਚ 50 ਹਜ਼ਾਰ ਤੋਂ ਵੱਧ ਅਯੋਗ ਲੋਕਾਂ ਨੂੰ ਪੈਨਸ਼ਨ ਦੇਣ ’ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਮੇਂ ਦੌਰਾਨ 2011 ਵਿੱਚ ਬੁਢਾਪਾ ਪੈਨਸ਼ਨ ਘੁਟਾਲਾ ਸਾਹਮਣੇ ਆਇਆ ਸੀ। ਇਸ ਅਨੁਸਾਰ, 50,000 ਤੋਂ ਵੱਧ ਲੋਕਾਂ ਨੂੰ ਪੈਨਸ਼ਨਾਂ ਜਾਰੀ ਕੀਤੀਆਂ ਗਈਆਂ ਸਨ ਜੋ ਜਾਂ ਤਾਂ ਅਯੋਗ ਸਨ ਜਾਂ ਉਨ੍ਹਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ 16 ਜ਼ਿਲ੍ਹਿਆਂ ਵਿੱਚ 15 ਲੱਖ 98 ਹਜ਼ਾਰ 126 ਲੋਕਾਂ ਨੂੰ ਸਮਾਜਿਕ ਸੁਰੱਖਿਆ ਪੈਨਸ਼ਨ ਦਿੱਤੀ ਜਾ ਰਹੀ ਸੀ। ਜਦੋਂ ਪੈਨਸ਼ਨਰਾਂ ਨੂੰ ਬੈਂਕ ਖਾਤੇ ਖੋਲ੍ਹਣ ਲਈ ਕਿਹਾ ਗਿਆ ਸੀ, ਤਾਂ ਸਿਰਫ਼ 11 ਲੱਖ 44 ਹਜ਼ਾਰ 98 ਲੋਕਾਂ ਨੇ ਖਾਤੇ ਖੋਲ੍ਹੇ ਸਨ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੇ ਸਮੇਂ, ਸਿਸਟਮ ਪੂਰੀ ਤਰ੍ਹਾਂ ਜੰਗ ਲੱਗ ਚੁੱਕਾ ਸੀ। ਅਯੋਗ ਲੋਕਾਂ ਨੂੰ ਪੈਨਸ਼ਨ ਮਿਲ ਰਹੀ ਸੀ ਅਤੇ ਯੋਗ ਲੋਕ ਪੈਨਸ਼ਨ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਸਨ। ਭਾਜਪਾ ਸਰਕਾਰ ਨੇ ਸਿਸਟਮ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੂਬੇ ਦੀ ਡਬਲ ਇੰਜਣ ਸਰਕਾਰ ਨੇ ਬੁਢਾਪਾ ਪੈਨਸ਼ਨ ਸਮੇਤ ਸਾਰੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ ਨੂੰ ਪਾਰਦਰਸ਼ੀ ਢੰਗ ਨਾਲ ਯੋਗ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ ਹੈ। ਵਿਰੋਧੀ ਪਾਰਟੀਆਂ ਦੇ ਸਮੇਂ, ਅਯੋਗ ਲੋਕਾਂ ਨੂੰ ਲਾਭ ਮਿਲਦਾ ਸੀ ਅਤੇ ਯੋਗ ਲੋਕਾਂ ਨੂੰ ਵਾਂਝਾ ਰੱਖਿਆ ਜਾਂਦਾ ਸੀ। ਸੂਬੇ ਦੀ ਮੌਜੂਦਾ ਸਰਕਾਰ ਸੇਵਾ, ਸਮਝਦਾਰੀ ਅਤੇ ਸੱਚਾਈ ਦੀ ਰਾਜਨੀਤੀ ਕਰਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਯੋਗ ਬਜ਼ੁਰਗ ਪੈਨਸ਼ਨ ਤੋਂ ਵਾਂਝਾ ਨਹੀਂ ਰਹੇਗਾ। ਪਰ ਜੋ ਲੋਕ ਝੂਠ ਦੀ ਦੁਕਾਨ ਚਲਾ ਕੇ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ, ਉਨ੍ਹਾਂ ਨੂੰ ਜਨਤਾ ਦੀ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ।

# ਮੁੱਖ ਮੰਤਰੀ ਨੇ ਰਾਜਪਾਲ ਦੇ ਭਾਸ਼ਨ ’ਤੇ ਵਿਰੋਧੀ ਧਿਰ ਨੂੰ ਦਿੱਤਾ ਮੋੜਵਾਂ ਉੱਤਰ



## ਕਿਹਾ-ਰਾਜਪਾਲ ਦਾ ਭਾਸ਼ਨ ਵਿਕਸਿਤ ਹਰਿਆਣਾ ਦੇ ਭਵਿੱਖ ਦਾ ਰੋਡਮੈਪ

ਐਸ. ਕੇ. ਸਕਸੈਨਾ

ਚੰਡੀਗੜ੍ਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ੁਕਰਵਾਰ ਨੂੰ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਰਾਜਪਾਲ ਦੇ ਭਾਸ਼ਨ ’ਤੇ ਵਿਰੋਧੀ ਧਿਰ ਵੱਲੋਂ ਚੁੱਕੇ ਗਏ ਸੁਆਲਾਂ ਦਾ ਜਵਾਬ ਦਿੰਦੇ ਹੋਏ ਕਾਂਗਰਸ ਨੂੰ ਜਮ ?ਹ ਕੇ ਘੇਰਿਆ। ਉਨ੍ਹਾਂ ਨੇ ਦਸਿਆ ਕਿ ਰਾਜਪਾਲ ਵੱਲੋਂ 20 ਫਰਵਰੀ ਨੂੰ ਦਿੱਤਾ ਗਿਆ ਭਾਸ਼ਨ ਰਾਜ ਦੀ ਦਸ਼ਾ ਅਤੇ ਦਿਸ਼ਾਂ ਨੂੰ ਵਿਅਕਤ ਕਰਨ ਵਾਲਾ ਹੈ। ਇਹ ਭਾਸ਼ਨ ਹਰਿਆਣਾ ਦੇ ਭਵਿੱਖ ਦੀ ਰੂਪਰੇਖਾ ਪੇਸ਼ ਕਰਦਾ ਹੈ। ਇੱਕ ਅਜਿਹੇ ਹਰਿਆਣਾ ਦੀ, ਜੋ ਵਿਕਾਸ, ਸੁਸਾਸ਼ਨ, ਸਮਾਜਿਕ ਨਿਆਂ ਅਤੇ ਸਮਾਵੇਸ਼ੀ ਪ੍ਰਗਤੀ ਦੇ ਮਾਰਗ ’ਤੇ ਦ੍ਰਿੜਤਾਪੂਰਵਕ ਅਗਰਸਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਭਾਸ਼ਨ, ਵਿਕਸਿਤ ਹਰਿਆਣਾ ਦੇ ਸਪਸ਼ਟ ਰੋਡਮੈਪ ਨੂੰ ਦਿਖਾਉਂਦਾ ਹੈ, ਅਤੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਦੇ ਸੰਕਲਪ ਨੂੰ ਵੀ ਦਿਖਾਉਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕਤੰਤਰ ਦੀ ਇਹੀ ਖੂਬਸੂਰਤੀ ਹੈ ਕਿ ਇੱਥੇ ਅਸਹਿਮਤੀ ਨੂੰ ਵੀ ਸਨਮਾਨ ਮਿਲਦਾ ਹੈ, ਪਰ ਸਿਹਤਮੰਦ ਲੋਕਤੰਤਰ ਲਈ ਇਹ ਵੀ ਜਰੂਰੀ ਹੈ ਕਿ ਸਰਕਾਰ ਦੇ ਜਨਭਲਾਈ ਤੇ ਵਿਕਾਸ ਕੰਮਾਂ ਦੀ ਸ਼ਲਾਘਾ ਵੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਵਿਰੋਧੀ ਧਿਰ ਨੂੰ ਆੜੇ ਹੱਥਾਂ ਲੈਂਦੇ ਹੋਏ ਕਿਹਾ ਕਿ ਵਿਰੋਧੀ ਧਿਰ ਨੇ ਸਰਕਾਰ ਦੀ ਆਲੋਚਨਾ ਕਰਨ ਲਈ ਸਿਰਫ ਰਟੀ-ਰਟਾਈ ਗੱਲਾਂ ਬੋਲੀਆਂ ਹਨ, ਕੋਈ ਤੱਥਾਤਮਕ ਗੱਲ ਨਹੀਂ ਰੱਖੀ। ਸਰਕਾਰ ਦੇ ਭਲਾਈਕਾਰੀ ਕੰਮਾਂ ਨਾਲ ਸੂਬੇ ਦੀ ਜਨਤਾ ਪ੍ਰਭਾਵਿਤ ਹੋਈ ਅਤੇ ਸਾਨੂੰ ਲਗਾਤਾਰ ਤੀਜੀ ਵਾਰ ਜਨਸੇਵਾ ਦਾ ਮੌਕਾ ਦਿੱਤਾ। ਵੰਦੇ ਮਾਤਰਮ ’ਤੇ ਬੋਲਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਦੀ ਗੱਲ ਹੈ ਕਿ ਇਸ ਵਾਰ ਦੇ ਬਜਟ ਭਾਸ਼ਨ ਦੀ ਸ਼ੁਰੂਆਤ ਵੰਦੇ ਮਾਤਰਮ ਗੀਤ ਤੋਂ ਹੋਈ। ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਵੰਦੇ ਮਾਤਰਮ ਗੀਤ ’ਤੇ ਕੀਤੀ ਗਈ ਟੀਕਾ-ਟਿੱਪਣੀ ’ਤੇ ਮੁਖਰ ਹੁੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਵੰਡੇ ਮਾਤਰਮ ਸਾਡੇ ਰਾਸ਼ਟਰ ਦੀ ਆਤਮਾ ਹੈ, ਸਾਡਾ ਸਭਿਆਚਾਰਕ ਚੇਤਨਾ ਹੈ ਅਤੇ ਸਾਡੀ ਸੁਤੰਤਰਤਾ ਦੀ ਤਪੱਸਵੀ ਯਾਤਰਾ ਦਾ ਸਮਰਣ ਹੈ। ਇਹ ਸਾਡੇ ਸੰਘਰਸ਼ ਅਤੇ ਸਵਾਭੀਮਾਨ ਨੂੰ 150 ਸਾਲ ਦੀ ਲੰਬੀ ਕਹਾਣੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਸਾਨੂੰ ਅਜਿਹੇ ਕਾਲਖੰਡ ਵਿੱਚ ਖੜੇ ਹਨ, ਜਦੋਂ ਰਾਸ਼ਟਰ ਆਪਣੇ ਇਤਿਹਾਸ ਦੇ ਕਈ ਗੌਰਵਸ਼ਾਲੀ ਅਧਿਆਇਆਂ ਨੂੰ ਇੱਕਠੇ ਯਾਦ ਕਰ ਰਿਹਾ ਹੈ। ਹਾਲ ਹੀ ਵਿੱਚ, ਸੰਵਿਧਾਨ ਦੇ 75 ਸਾਲ ਪੂਰੇ ਹੋਏ ਹਨ। ਦੇਸ਼ ਸਰਦਾਰ ਵਲੱਭਭਾਈ ਪਟੇਲ ਦੀ 150ਵੀਂ ਜੈਯੰਤੀ ਮਨਾ ਰਿਹਾ ਹੈ, ਭਗਵਾਨ ਬਿਰਸਾ ਮੁੰਡਾ ਦੀ 150ਵੀਂ ਜੈਯੰਤੀ ਮਨਾ ਰਿਹਾ ਹੈ ਅਤੇ ਸ਼ ?ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਸਾਲ ਨੂੰ ਸ਼ਰਧਾ ਨਮਨ ਕਰ ਚੁੱਕਾ ਹੈ। ਇੰਨ੍ਹਾਂ ਸਾਰੇ ਸਮ੍ਰਿਤੀਆਂ ਦੇ ਵਿੱਚ ਵੰਦੇ ਮਾਤਰਮ ਦੇ 150 ਸਾਲ ਸਾਨੂੰ ਇਹ ਯਾਦ ਦਿਵਾਉਂਦੇ ਹਨ ਕਿ ਭਾਰਤ ਦੀ ਆਤਮਾ ਸਿਰਫ ਰਾਜਨੀਤਿਕ ਸੁਤੰਤਰਤਾ ਨਾਲ ਨਹੀਂ, ਸਗੋ ਸਭਿਆਚਾਰਕ ਸਵਾਭੀਮਾਨ ਨਾਲ ਵੀ ਬਣੀ ਹੈ। ਉਨ੍ਹਾਂ ਨੇ ਕਿਹਾ ਕਿ ਬੰਕਿਮ ਚੰਦਰ ਚਟੋਪਾਧਿਆਏ ਵੱਲੋਂ ਰਚਤ ਵੰਤੇ ਮਾਤਰਮ ਗਤੀ 7 ਨਵੰਬਰ, 1875 ਨੂੰ ਪਬਲਿਕ ਹੋਇਆ। ਇਸ ਦੇ ਬਾਅਦ ਵੰਦੇ ਮਾਤਰਮ ਰਾਸ਼ਟਰਭਗਤੀ, ਤਿਆਗ ਅਤੇ ਕੌਮੀ ਚੇਤਨਾ ਦਾ ਪ੍ਰਤੀਕ ਬਣ ਗਿਆ, ਜਿਸ ਨੇ ਸਾਡੇ ਆਜਾਦੀ ਦੇ ਅੰਦੋਲਨ ਦਾ ਰਸਤਾ ਮਜਬੂਤ ਕੀਤਾ। ਸਾਲ 1907 ਵਿੱਚ ਕਲਕੱਤਾ ਵਿੱਚ ਵੰਦੇ ਮਾਤਰਮ ਨਾਮ ਦਾ ਅੰਗ ?ਰਜੀ ਅਖਬਾਰ ਸ਼ੁਰੂ ਹੋਇਆ, ਜਿਸ ਦੇ ਸੰਪਾਦਮ ਮਹਾਰਿਸ਼ੀ ਅਰਵਿੰਦ ਸਨ। ਉਸ ਸਮੇਂ ਬ੍ਰਿਟਿਸ਼ ਸਰਕਾਰ ਨੇ ਉਸ ਨੂੰ ਸੱਭ ਤੋਂ ਖਤਰਨਾਕ ਰਾਸ਼ਟਰਵਾਦੀ ਪੱਤਰ ਮੰਨਿਆ ਅਤੇ ਸ੍ਰੀ ਅਰਵਿੰਦ ’ਤੇ ਰਾਜਦਰੋਹ ਦਾ ਮੁਕਦਮਾ ਚਲਾਉਂਦੇ ਹੋਏ ਉਨ੍ਹਾਂ ਨੂੰ ਸਜਾ ਦਿੱਤੀ। ਸਾਲ 1896 ਵਿੱਚ ਗੁਰੂਦੇਵ ਟੈਗੋਰ ਨੇ ਪਹਿਲੀ ਵਾਰ ਕਾਂਗਰਸ ਦੇ ਅਧਿਵੇਸ਼ਨ ਵਿੱਚ ਵੰਦੇ ਮਾਤਰਮ ਨੂੰ ਸਾਰਵਜਨਿਕ ਗਾਇਆ। ਉਨ੍ਹਾਂ ਨੇ ਕਿਹਾ ਕਿ ਸਾਲ 1905 ਵਿੱਚ ਵਾਰਾਣਸੀ ਅਧਿਵੇਸ਼ਨ ਵਿੱਚ ਮਹਾਨ ਕਵਿੱਤਰੀ ਸਰਲਾ ਦੇਵੀ ਚੌਧਰਾਣੀ ਨੇ ਪੂਰਾ ਵੰਦੇ ਮਾਤਰਮ ਦਾ ਗਾਨ ਕੀਤਾ।

# ਰਿਸਰਚ ਅਤੇ ਏਆਈ ਤੇ ਵੱਡਾ ਦਾਵ-ਹਰਿਆਣਾ ਵਿੱਚ ਸਟੇਟ ਰਿਸਰਚ ਫੰਡ ਅਤੇ ਹਰਿਆਣਾ ਇਹ ਆਈ ਮਿਸ਼ਨ ਦੀ ਤਿਆਰੀ-ਮੁੱਖ ਮੰਤਰੀ ਨਾਇਬ ਸਿੰਘ ਸੈਣੀ

## ਸਰੋਤਾ ਦੀ ਘਾਟ ਨਾਲ ਅਟਕੇ ਆਈਡੀਆਜ ਨੂੰ ਮਿਲੇਗਾ ਸਹਾਰਾ ਕਾਲਜ ਯੂਨੀਵਰਸਿਟੀਆਂ ਵਿੱਚ ਸ਼ੋਧ ਨੂੰ ਵਧਾਵਾ

ਪੰਕਜ

ਚੰਡੀਗੜ੍ਹ, - ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਈ ਬੇਹਤਰੀਨ ਆਈਡੀਆ ਸਰੋਤਾ ਦੀ ਘਾਟ ਨਾਲ ਪੂਰੇ ਨਹੀਂ ਹੋ ਪਾਉਂਦੇ। ਅਜਿਹੇ ਵਿੱਚ ਇਹਨਾਂ ਆਈਡੀਆਜ ਨੂੰ ਹਕੀਕਤ ਵਿੱਚ ਬਦਲਣ ਲਈ ਸਰਕਾਰ ਨੇ ਹਰਿਆਣਾ ਸਟੇਟ ਰਿਸਰਚ ਫੰਡ ਸਥਾਪਿਤ ਕਰਨ ਦਾ ਫੈਸਲਾ ਲਿਆ ਹੈ। ਇਹ ਕਲਜਾ ਤੇ ਯੂਨੀਵਰਸਿਟੀਆਂ ਵਿੱਚ ਸ਼ੋਧ ਨੂੰ ਵਧਾਵਾ ਦੇਣ ਲਈ 20 ਕਰੋੜ ਰੁਪਏ ਦੀ ਸ਼ੁਰੂਆਤੀ ਖਜ਼ਾਨੇ ਨਾਲ ਸਥਾਪਿਤ ਕੀਤਾ ਜਾਵੇਗਾ। ਮੁੱਖ ਮੰਤਰੀ ਸ਼ੁਕਰਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਰਾਜਪਾਲ ਦੇ ਅਭਿਭਾਸ਼ਣ ਤੇ ਵਿਪੱਖੀਆਂ ਵੱਲੋਂ ਰੱਖੀ ਗਈ ਗੱਲਾਂ ਤੇ ਜਵਾਬ ਦੇ ਰਹੇ ਸਨ ਉਹਨਾਂ ਨੇ ਕਿਹਾ ਕਿ



ਭਾਰਤ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਕੁਸ਼ਲ ਮਾਰਗਦਰਸ਼ਨ ਵਿੱਚ ਇਹ ਆਏ ਅਨੁਸੰਧਾਨ ਅਤੇ ਵਿਕਾਸ ਨੂੰ ਅਪਣਾ ਰਿਹਾ ਹੈ ਇਹ ਤਕਨੀਕ ਹੁਣ ਸਿਰਫ ਭਵਿੱਖ ਦੀ ਕਲਪਨਾ ਨਹੀਂ ਰਹੀ ਸਗੋਂ ਅੱਜ ਇਹ ਸਾਡੇ ਕਰਾ ਸਕੂਲਾਂ ਹਸਪਤਾਲਾਂ ਉਦੋਂ ਗਿਆ ਅਤੇ ਪ੍ਰਣਾਲੀਆਂ ਵਿੱਚ ਗਹਿਰੀ ਪੈਠ ਬਣਾ ਚੁੱਕੀ ਹੈ। ਉਹਨਾਂ ਨੇ ਕਿਹਾ ਕਿ ਸਰਕਾਰ ਹਰਿਆਣਾ ਵਿੱਚ ਏਆਈ ਦੇ ਉਪਯੋਗ ਨੂੰ ਪ੍ਰਸਾਹਿਤ ਕਰ ਰਹੀ ਹੈ। ਇਸ ਵਿੱਚ ਸਰਕਾਰ ਨੀਤੀਆਂ ਨੂੰ ਤਕਨੀਕੀ ਨਵਾਂ ਚਾਰ ਨਾਲ ਮਾਨਵ ਕੇਂਦਰੀਤ ਦ੍ਰਿਸ਼ਟੀਕੋਣ ਤੇ ਅਦਾਰੇਤ ਕਰ ਰਹੀ ਹੈ। ਤਾਂ ਜੋ ਇਹ ਆਈ ਦਾ ਲਾਭ ਅਤਿਅੰਤ ਸੁਰਖਿਤ ਸਮਾਵੇਸ਼ੀ ਅਤੇ ਨਿਆ ਸੰਗਤ ਰੂਪ ਨਾਲ ਸਾਰਿਆਂ ਤੱਕ ਪਹੁੰਚੇ। ਇਸ ਲਈ ਹਰਿਆਣਾ ਏਆਈ ਮਿਸ਼ਨ ਦੀ ਸਥਾਪਨਾ ਦਾ ਪ੍ਰਸਤਾਵ ਹੈ। ਇਸ ਲਈ ਵਿਸ਼ਵ ਬੈਂਕ ਨੇ ਸੂਬਾ ਸਰਕਾਰ ਨੂੰ 474 ਕਰੋੜ ਰੁਪਏ ਦੀ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮਿਸ਼ਨ ਤਹਿਤ ਗੁਰੂਗ੍ਰਾਮ ਅਤੇ ਪੰਚਕੁਲਾ ਵਿੱਚ ਇੱਕ ਇੱਕ ਸਥਾਪਿਤ ਕੀਤਾ ਜਾਵੇਗਾ ਜਿੱਥੇ 50 ਹਜਾਰ ਨੌਜਵਾਨਾਂ ਨੂੰ ਨਵੀ ਤਕਨੀਕਾਂ ਵਿੱਚ ਟ ?ਰੇਨਡ ਕੀਤਾ ਜਾਵੇਗਾ। ਇਸ ਦਾ ਸਿੱਧਾ ਲਾਭ ਸਟਾਰਟਅਪਸ ਨੂੰ ਕੁਸ਼ਲ ਕਾਰਜਬਲ ਵੱਜੋ ਮਿਲੇਗਾ।

# ਅੰਮ੍ਰਿਤਸਰ ਵਿਖੇ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦਾ ਪੂਰੀ ਸ਼ਾਨੋ-ਸ਼ੌਕਤ ਨਾਲ ਸ਼ਾਨਦਾਰ ਅਗਾਜ਼

## ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਰੰਗਲਾ ਪੰਜਾਬ ਉਤਸਵ ਦਾ ਕੀਤਾ ਉਦਘਾਟਨ



ਮਨਦੀਪ ਕੌਰ

ਚੰਡੀਗੜ੍ਹ -ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿੱਚ ਲਗਾਇਆ ਗਿਆ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਅੱਜ ਪੂਰੀ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋ ਗਿਆ। ਰੰਗਲਾ ਪੰਜਾਬ ਉਤਸਵ ਦਾ ਉਦਘਾਟਨ ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਦੀ ਵਿਧਾਇਕਾ ਜੀਵਨਜੋਤ ਕੌਰ, ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੱਛਮੀ ਦੇ ਵਿਧਾਇਕ ਡਾਕਟਰ ਜਸਬੀਰ ਸਿੰਘ ਸੰਧੂ, ਪਨਸਪ ਦੇ ਚੇਅਰਮੈਨ ਸ੍ਰੀ ਪ੍ਰਭਬੀਰ ਸਿੰਘ ਬਰਾੜ, ਜਿਲਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰ ਪ੍ਰਤਾਪ ਸਿੰਘ ਸੰਧੂ, ਪੰਜਾਬ ਲਗੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਵਾਇਸ ਚੇਅਰਮੈਨ ਜਸਕਰਨ ਸਿੰਘ ਬੰਦੇਸਾ, ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਸ੍ਰੀ ਸੰਜੀਵ ਕੁਮਾਰ ਤਿਵਾੜੀ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰੋਹਿਤ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ, ਐੱਸ.ਡੀ.ਐੱਮ. ਅਲਕਾ ਕਾਲੀਆ, ਗੁਰਮੰਦਰ ਸਿੰਘ ਤੋਂ ਇਲਾਵਾ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਦੇ ਧਰਮ ਪਤਨੀ ਸ਼੍ਰੀਮਤੀ ਸੁਹਿੰਦਰ ਕੌਰ, ਸ਼੍ਰੀਮਤੀ ਬਲਵਿੰਦਰ ਕੌਰ, ਜ਼ਿਲ੍ਹਾ ਟੂਰਿਜ਼ਮ ਅਫ਼ਸਰ ਸੁਖਮਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਲੋਕ ਸੰਪਰਕ ਡਾਇਰੈਕਟਰ ਪ੍ਰਵੀਨ ਪੂਰੀ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਰੰਗਲਾ ਪੰਜਾਬ ਉਤਸਵ ਦਾ ਉਦਘਾਟਨ ਕਰਦਿਆਂ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਹੋ ਰਹੇ ਇਸ ਤਿੰਨ ਰੋਜ਼ਾ ਰੰਗਲਾ ਪੰਜਾਬ ਉਤਸਵ ਦਾ ਮਕਸਦ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਨੂੰ ਵਿਸ਼ਵ ਪੱਧਰ 'ਤੇ ਉਤਸ਼ਾਹਤ ਕਰਨਾ ਹੈ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਉਤਸਵ ਵਿੱਚ ਰੰਗਲੇ ਪੰਜਾਬ ਦੇ ਹਰ ਰੰਗ ਦੇਖਣ ਨੂੰ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡਾ ਪੰਜਾਬੀ ਸੱਭਿਆਚਾਰ ਦੁਨੀਆਂ ਦੇ ਸਭ ਤੋਂ ਅਮੀਰ ਅਤੇ ਜੀਵੰਤ ਸੱਭਿਆਚਾਰਾਂ ਵਿੱਚੋਂ ਇੱਕ ਹੈ, ਜੋ ਆਪਣੇ ਵਿਲੱਖਣ ਰਹਿਣ-ਸਹਿਣ, ਖਾਣ-ਪੀਣ, ਲੋਕ ਨਾਚਾਂ (ਭੰਗੜਾ-ਗਿੱਧਾ), ਅਤੇ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਵਿਰਸੇ ਵਿੱਚ ਪਰੰਪਰਿਕ ਕਲਾਵਾਂ, ਬੋਲੀਆਂ ਅਤੇ ਮਹਿਮਾਨਨਵਾਜ਼ੀ ਮੁੱਖ ਹਨ, ਜਿਨ੍ਹਾਂ ਦੀ ਧਾਂਕ ਦੇਸ਼-ਵਿਦੇਸ਼ ਵਿੱਚ ਹੈ।

ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਸੂਬੇ ਦੇ ਅਮੀਰ ਵਿਰਸੇ ਦੀ ਸੰਭਾਲ ਅਤੇ ਇਸ ਨੂੰ ਉਤਸ਼ਾਹਤ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਵੱਲੋਂ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੇ ਪ੍ਰੋਗਰਾਮ ਕੀਤੇ ਜਾ ਰਹੇ ਹਨ ਤਾਂ ਜੋ ਆਪਣੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਵਿਰਸੇ ਦੀਆਂ ਅਮੀਰ ਪ੍ਰੰਪ੍ਰਾਵਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਅਵਾਮ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਸ ਰੰਗਲਾ ਪੰਜਾਬ ਉਤਸਵ ਵਿੱਚ ਪਹੁੰਚ ਕੇ ਰੰਗਲੇ ਪੰਜਾਬ ਦੇ ਖ਼ੂਬਸੂਰਤ ਰੰਗਾਂ ਨੂੰ ਮਾਨਣ।

ਇਸ ਮੌਕੇ ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਸ਼੍ਰੀ ਸੰਜੀਵ ਤਿਵਾੜੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਦੇ ਮੈਦਾਨ ਵਿੱਚ ਅੱਜ ਸ਼ੁਰੂ ਹੋਇਆ ਇਹ ਰੰਗਲਾ ਪੰਜਾਬ ਉਤਸਵ 1 ਮਾਰਚ 2026 ਦੀ ਦੇਰ ਸ਼ਾਮ ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਰੰਗਲਾ ਪੰਜਾਬ ਉਤਸਵ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਹੈ ਅਤੇ ਇਸ ਵਿੱਚ ਪੰਜਾਬ ਦੇ ਸੱਭਿਆਚਾਰਕ ਵਿਰਸੇ, ਰਹਿਣ-ਸਹਿਣ ਅਤੇ ਖਾਣ-ਪੀਣ ਦੀ ਖ਼ੂਬਸੂਰਤ ਝਲਕ ਦੇਖੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਰੰਗਲਾ ਪੰਜਾਬ ਉਤਸਵ ਦੌਰਾਨ ਖ਼ੂਬਸੂਰਤ ਕਰਾਫ਼ਟ ਬਜ਼ਾਰ ਲਗਾਇਆ ਗਿਆ ਹੈ ਜਿਸ ਦੁਕਾਨਦਾਰਾਂ ਵੱਲੋਂ ਸਟਾਲ ਲਗਾ ਕੇ ਰਿਵਾਇਤੀ ਪੰਜਾਬੀ ਅਤੇ ਹੋਰ ਸਮਾਨ ਵੇਚਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਤਸਵ ਦੌਰਾਨ ਲਗਾਈ ਜਾਣ ਵਾਲੀ ਫੂਡ ਕੋਰਟ ਵਿੱਚ ਵੱਖ-ਵੱਖ ਪਕਵਾਨਾਂ ਦੇ 30 ਸਟਾਲ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਉਤਸਵ ਦੌਰਾਨ ਬੱਚਿਆਂ ਦੇ ਮੰਨੋਰੰਜ਼ਨ ਲਈ ਵਿਸ਼ੇਸ਼ ਝੂਲੇ ਲਗਾਏ ਗਏ ਹਨ। ਇਸ ਤੋਂ ਇਲਾਵਾ ਰੰਗਲਾ ਪੰਜਾਬ ਉਤਸਵ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਵੀ ਆਪਣੇ ਸਟਾਲ ਲਗਾ ਕੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਡਾਇਰੈਕਟਰ ਟੂਰਿਜ਼ਮ ਸ੍ਰੀ ਸੰਜੀਵ ਤਿਵਾੜੀ ਨੇ ਅੱਗੇ ਦੱਸਿਆ ਕਿ ਰੰਗਲਾ ਪੰਜਾਬ ਉਤਸਵ ਦੇ ਤਿੰਨੇ ਦਿਨ ਸ਼ਾਮ ਨੂੰ ਪੰਜਾਬ ਦੇ ਨਾਮੀਂ ਗਾਇਕ ਕਲਾਕਾਰਾਂ ਵੱਲੋਂ ਗਾਇਕੀ ਦੇ ਅਖ਼ਾੜੇ ਲਗਾ ਕੇ ਦਰਸ਼ਕਾਂ ਦਾ ਮੰਨੋਰੰਜ਼ਨ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬੀ ਸੱਭਿਆਚਾਰ ਦੀਆਂ ਹੋਰ ਵੰਨਗੀਆਂ ਗਿੱਧਾ-ਭੰਗੜਾ ਦੀ ਪੇਸ਼ਕਾਰੀ ਵੀ ਦੇਖਣ ਨੂੰ ਮਿਲੇਗੀ।

ਉਨ੍ਹਾਂ ਦੱਸਿਆ ਕਿ 27 ਫਰਵਰੀ ਨੂੰ ਰੰਗਲਾ ਪੰਜਾਬ ਉਤਸਵ ਦੇ ਪਹਿਲੇ ਦਿਨ ਦੀ ਸ਼ਾਮ ਨੂੰ ਵਿਸ਼ਵ ਪ੍ਰਸਿੱਧ ਲੋਕ ਗਾਇਕ ਵਿਰਾਸਤ ਸੰਧੂ, ਜਸਪਿੰਦਰ ਨਰੂਲਾ ਅਤੇ ਜੈਜੀ ਬੀ ਵੱਲੋਂ ਖੁੱਲ੍ਹੇ ਅਖਾੜੇ ਦੌਰਾਨ ਆਪਣੀ ਗਾਇਕੀ ਦੀ ਪੇਸ਼ਕਾਰੀ ਕੀਤੀ ਜਾ ਰਹੀ ਹੈ। ਉਤਸਵ ਦੇ ਦੂਸਰੇ ਦਿਨ ਦੀ ਸ਼ਾਮ ਨੂੰ ਗਾਇਕਾ ਮੀਤ ਕੌਰ, ਕੌਰ ਬੀ ਅਤੇ ਗਾਇਕ ਕੁਲਵਿੰਦਰ ਬਿੱਲਾ ਵੱਲੋਂ ਪੇਸ਼ਕਾਰੀ ਕੀਤੀ ਜਾਵੇਗੀ। ਰੰਗਲਾ ਪੰਜਾਬ ਉਤਸਵ ਦੇ ਤੀਸਰੇ ਤੇ ਆਖਰੀ ਦਿਨ ਦੀ ਸ਼ਾਮ ਨੂੰ ਗਾਇਕ ਹਰਜੀਤ ਹਰਮਨ, ਬਾਣੀ ਸੰਧੂ ਅਤੇ ਮਨਮੋਹਨ ਵਾਰਿਸ ਵੱਲੋਂ ਆਪਣੀ ਗਾਇਕੀ ਰਾਹੀਂ ਰੰਗ ਬੰਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਖੁੱਲ੍ਹੇ ਅਖਾੜੇ ਵਿੱਚ ਦਰਸ਼ਕਾਂ ਦੇ ਬੈਠਣ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ।

ਡਾਇਰੈਕਟਰ ਟੂਰਿਜ਼ਮ ਸ਼੍ਰੀ ਸੰਜੀਵ ਤਿਵਾੜੀ ਨੇ ਦੱਸਿਆ ਕਿ 28 ਫਰਵਰੀ ਅਤੇ 1 ਮਾਰਚ ਦੀ ਸ਼ਾਮ ਨੂੰ ਰੰਗਲਾ ਪੰਜਾਬ ਉਤਸਵ ਦੌਰਾਨ ਡਰੋਨ ਸ਼ੋਅ ਹੋਵੇਗਾ।

ਉਨ੍ਹਾਂ ਦੱਸਿਆ ਕਿ ਰੰਗਲਾ ਪੰਜਾਬ ਉਤਸਵ ਦੌਰਾਨ ਆਮ ਲੋਕਾਂ ਦੀ ਐਂਟਰੀ ਬਿਲਕੁੱਲ ਮੁਫ਼ਤ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਦੇ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਮੈਦਾਨ ਵਿਖੇ ਚੱਲ ਰਹੇ ਰੰਗਲਾ ਪੰਜਾਬ ਉਤਸਵ ਵਿੱਚ ਪਹੁੰਚ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਖ਼ੂਬਸੂਰਤ ਝਲਕ ਨੂੰ ਦੇਖਣ ਅਤੇ ਇਸ ਦਾ ਅਨੰਦ ਮਾਨਣ।





# ਜਲੰਧਰ 'ਚ ਕਰਵਾਏ ਗਏ ਮਾਂ ਬੋਲੀ ਪੰਜਾਬੀ ਮਾਰਚ ਵਿੱਚ ਦੇਸ਼-ਵਿਦੇਸ਼ਾ ਤੋਂ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਕੀਤੀ ਸ਼ਮੂਲੀਅਤ

## ਪੰਜਾਬ ਸਰਕਾਰ ਵਿਸ਼ਵ ਦੇ ਕੋਨੇ-ਕੋਨੇ 'ਚ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਦ੍ਰਿੜ ਸਕੰਲਪ-ਕੁਲਤਾਰ ਸੰਧਵਾਂ

ਐਸ. ਕੇ. ਸਕਸੈਨਾ

ਜਲੰਧਰ, ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਪੰਜਾਬੀ ਜਾਗਰਿਤੀ ਮੰਚ ਅਤੇ ਪੰਜਾਬ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਵਲੋਂ ਸ਼ਹਿਰ ਭਰ ਵਿੱਚ ਪ੍ਰਭਾਵਸ਼ਾਲੀ ਮਾਂ ਬੋਲੀ ਪੰਜਾਬੀ ਮਾਰਚ ਕੱਢਿਆ ਗਿਆ । ਇਸ ਮੌਕੇ ਦੇਸ਼ ਵਿਦੇਸ਼ ਤੋਂ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਵਲੋਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਮੋਹਿੰਦਰ ਭਗਤ, ਮੈਂਬਰ ਪਾਰਲੀਮੈਂਟ ਅਸ਼ੋਕ ਮਿੱਤਲ, ਡਿਪਟੀ ਕਮਿਕਸ਼ਨਰ ਡਾ.ਹਿਮਾਂਸ਼ੂ ਅਗਰਵਾਲ ਅਤੇ ਸੀਨੀਅਰ ਆਪ ਆਗੂ ਰਾਜਵਿੰਦਰ ਕੌਰ ਥਿਆੜਾ ਤੋਂ ਇਲਾਵਾ ਹੋਰ ਸਖਸ਼ੀਅਤਾਂ ਵਲੋਂ ਮਾਰਚ ਵਿੱਚ ਸ਼ਿਰਕਤ ਕੀਤੀ ਗਿਈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਲਾਇਲਪੁਰ ਖਾਲਸਾ ਸਕੂਲ, ਨਕੋਦਰ ਰੋਡ ਵਿਖੇ ਇਕੱਠੇ ਹੋਏ ਜਿਥੋਂ ਇਹ ਮਾਰਚ ਸ਼ੁਰੂ ਹੋਇਆ। ਸ਼ਹਿਰ ਦੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਇਹ ਮਾਂ ਬੋਲੀ ਪੰਜਾਬੀ ਮਾਰਚ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪਹੁੰਚ ਕੇ ਸਮਾਪਤ ਹੋਇਆ। ਇਸ ਮੌਕੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ



ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਮਾਤ ਭਾਸ਼ਾ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਦੀਪਕ ਬਾਲੀ ਵਲੋਂ ਕੀਤੇ ਗਏ ਸੰਜੀਦਾ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਦਾ ਰਾਜਦੂਤ ਬਣਨ ਦਾ ਸੱਦਾ ਦਿੰਦਿਆਂ ਵਿਸ਼ਵ ਪੱਧਰ 'ਤੇ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਸੁਨੇਹਾ ਦਿੱਤਾ ਗਿਆ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਿਸ਼ਵ ਦੇ ਕੋਨੇ-ਕੋਨੇ ਵਿੱਚ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਸ੍ਰੀ ਸੰਧਵਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਭਾਵੇਂ ਸਾਰੀਆਂ ਭਾਸ਼ਾਵਾਂ ਸਨਮਾਨ ਯੋਗ ਹਨ ਪਰ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਮਾਪਿਆਂ ਨੂੰ ਪ੍ਰੇਰਿਤ ਕੀਤਾ ਕਿ ਘਰ ਵਿੱਚ ਬੱਚਿਆਂ ਨਾਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕੀਤੀ ਜਾਵੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪੰਜਾਬ ਦੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਵੱਡੇ ਪੱਧਰ 'ਤੇ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਦੀ ਲੋੜ ''ਤੇ ਜ਼ੋਰ ਦਿੰਦਿਆਂ ਸਾਰੀਆਂ ਵਿਦਿਅਕ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਕਰਨ ਦੀ ਮੰਗ ਵੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮਾਤ ਭਾਸ਼ਾ ਦਿਵਸ ਨੂੰ ਇਕ ਤਿਉਹਾਰ ਦੀ ਤਰ੍ਹਾਂ ਮਨਾਉਂਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਕਿਸੇ ਦੀ ਵ ਪਹਿਚਾਣ ਉਸ ਦੀ ਮਾਤ ਭਾਸ਼ਾ ਦੀਆਂ ਡੂੰਘੀਆਂ ਜੜ੍ਹਾਂ ਨਾਲ ਜੁੜੀ ਹੁੰਦੀ ਹੈ। ਇਸ ਮੌਕੇ ਮਾਰਚ ਵਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਪੰਜਾਬੀ ਭਾਸ਼ਾ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਮੰਗ ਪੱਤਰ ਵੀ ਦਿੱਤਾ ਗਿਆ। ਉਨ੍ਹਾਂ ਭਰੋਸਾ ਦੁਆਇਆ ਕਿ ਇਸ ਮਸਲੇ ਨੂੰ ਪੰਜਾਬ ਸਰਕਾਰ ਨਾਲ ਵਿਚਾਰਿਆ ਜਾਵੇਗਾ। ਸਮਾਗਮ ਨੂੰ ਸਭਿਆਚਾਰਕ ਰੰਗਤ ਦੇਣ ਲਈ ਪ੍ਰਸਿੱਧ ਗਾਇਕ ਮਨਕੀਰਤ ਔਲਖ, ਦਲਵਿੰਦਰ ਦਿਆਲਪੁਰੀ, ਕੁਲਵਿੰਦਰ ਕੈਲੀ ਅਤੇ ਗੁਰਲੇਜ਼ ਅਖ਼ਤਰ ਵਲੋਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ।

# ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਵਲੋਂ ਸਟੇਟ ਸਪੋਰਟਸ ਸਕੂਲ ਵਿਖੇ ਵੱਖ-ਵੱਖ ਖੇਡਾਂ ਦੇ ਟਰਾਇਲ 28 ਤੋਂ 1 ਮਾਰਚ ਤੱਕ

## ਵਾਲੀਬਾਲ, ਸਵੀਮਿੰਗ, ਜਿਮਨਾਸਟਿਕ ਤੇ ਬਾਕਸਿੰਗ ਲਈ ਅੰਡਰ 14, 17 ਤੇ 19 ਲੜਕਿਆਂ ਦੇ ਹੋਣਗੇ ਟਰਾਇਲ

ਮਨਦੀਪ ਕੌਰ

ਜਲੰਧਰ, : ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡ ਵਿਭਾਗ ਅਤੇ ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਵਲੋਂ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਲਈ ਵੱਖ-ਵੱਖ ਖੇਡਾਂ ਦੇ ਟਰਾਇਲ ਸਟੇਟ ਸਪੋਰਟਸ ਸਕੂਲ ਜਲੰਧਰ ਵਿਖੇ 28 ਫਰਵਰੀ ਤੋਂ 1 ਮਾਰਚ 2026 ਤੱਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਵਲੋਂ ਵਾਲੀਬਾਲ, ਸਵੀਮਿੰਗ, ਜਿਮਨਾਸਿਟਕ, ਬਾਕਸਿੰਗ ਲਈ ਅੰਡਰ 14, 17 ਅਤੇ 19 ਲੜਕਿਆਂ ਅਤੇ ਐਥਲੈਟਿਕ ਲਈ ਲੜਕੇ ਤੇ ਲੜਕੀਆਂ ਦੇ ਸਪੋਰਟਸ ਸਕੂਲ/ਕਾਲਜ ਜਲੰਧਰ ਵਿਖੇ ਟਰਾਇਲ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹਾਕੀ ਦੇ ਟਰਾਇਲ ਸੁਰਜੀਤ ਹਾਕੀ ਸਟੇਡੀਅਮ ਬਰਲਟਨ ਪਾਰਕ ਵਿਖੇ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਲਈ ਕੇਵਲ ਪੰਜਾਬ ਦੇ ਚਾਹਵਾਨ ਖਿਡਾਰੀ 28 ਫਰਵਰੀ ਤੋਂ 1 ਮਾਰਚ 2026 ਤੱਕ ਸਵੇਰੇ 8 ਵਜੇ ਸਟੇਟ ਸਪੋਰਟਸ ਸਕੂਲ, ਨੇੜੇ ਕਪੂਰਥਲਾ ਚੌਕ, ਜਲੰਧਰ ਵਿਖੇ ਟਰਾਇਲ ਦੇਣ ਲਈ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੁਣੇ ਗਏ ਖਿਡਾਰੀਆਂ ਨੂੰ ਮੁਫ਼ਤ ਹੋਸਟਲ, ਮੈਸ, ਸਕੂਲ, ਜਿੰਮ, ਸਵੀਮਿੰਗ ਪੂਲ ਅਤੇ ਟਰੈਕ, ਨੈਸ਼ਨਲ ਸਟੈਂਡਰਡ ਵਾਲੀਬਾਲ ਕੋਰਟ, ਐਡਵਾਂਸ ਟਰੇਨਿੰਗ, ਇਨਡੋਰ ਅਤੇ ਜਿਮਨਾਸਟਿਕ ਹਾਲ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਟਰਾਇਲ ਦੇਣ ਲਈ ਖਿਡਾਰੀ ਆਪਣਾ ਅਧਾਰ ਕਾਰਡ, ਜਨਮ ਸਰਟੀਫਿਕੇਟ, ਪਿਛਲੀ ਜਮਾਤ ਦਾ ਪਾਸ ਸਰਟੀਫਿਕੇਟ, ਖੇਡ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਸਬੰਧੀ ਅਤੇ 4 ਪਾਸਪੋਰਟ ਸਾਈਜ਼ ਫੋਟੋਆਂ ਨਾਲ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਖਿਡਾਰੀ ਹਾਕੀ ਕੋਚ ਯੁੱਧਵਿੰਦਰ ਸਿੰਘ ਮੋਬਾਇਲ ਨੰਬਰ 97791-85486, ਸਵੀਮਿੰਗ ਕੋਚ ਉਮੇਸ਼ ਸ਼ਰਮਾ 98721-20001, ਬਾਕਸਿੰਗ ਕੋਚ ਅਰਿਹੰਤ ਕੁਮਾਰ 97800-74748, ਵਾਲੀਬਾਲ ਕੋਚ ਅੰਮ੍ਰਿਤਪਾਲ ਸਿੰਘ 97815-21456, ਐਥਲੈਟਿਕ ਕੋਚ ਬਿਕਰਮਜੀਤ ਸਿੰਘ 95015-00922 ਅਤੇ ਜਿਮਨਾਸ਼ਟਿਕ ਕੋਚ ਲਵ ਕੁਮਾਰ 97806-79367 ਨਾਲ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਖੇਡ ਵਿਭਾਗ ਵਲੋਂ ਵੱਧ ਤੋਂ ਵੱਧ ਖਿਡਾਰੀਆਂ ਨੂੰ ਖੇਡਾਂ ਨਾਲ ਜੋੜਨ ਦੇ ਮਕਸਦ ਤਹਿਤ ਖੇਡ ਟਰਾਇਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਹੁਤ ਹੀ ਤਜਰਬੇਕਾਰ ਕੋਚਾਂ ਵਲੋਂ ਖਿਡਾਰੀਆਂ ਨੂੰ ਖੇਡਾਂ ਦੀ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਚਾਹਵਾਨ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਇਨ੍ਹਾਂ ਖੇਡ ਟਰਾਇਲਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਲਾਭ ਉਠਾਉਣ ਅਤੇ ਖੇਡਾਂ ਦੇ ਖੇਤਰ ਵਿੱਚ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਅੱਗੇ ਆਉਣ।

# ਵਿਜੀਲੈਂਸ ਬਿਊਰੋ ਨੇ ਐਫ.ਸੀ.ਆਈ. ਅਧਿਕਾਰੀ ਦੇ ਤਕਨੀਕੀ ਸਹਾਇਕ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ

ਕੈਪਟਨ ਸੁਭਾਸ਼ ਚੰਦਰ ਸ਼ਰਮਾ



ਚੰਡੀਗੜ੍ਹ-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਜ਼ਿਲ੍ਹਾ ਜਲੰਧਰ ਦੇ ਭੋਗਪੁਰ ਸਥਿਤ ਐਫਸੀਆਈ ਦਫ਼ਤਰ ਵਿਖੇ ਤਾਇਨਾਤ ਤਕਨੀਕੀ ਸਹਾਇਕ ਰੂਹੀ ਬਾਲਾ ਕਾਲੀਆ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ, ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਗੁਰੂ ਤੇਗ ਬਹਾਦਰ ਚੌਲ ਮਿੱਲ, ਨੰਗਲ ਫਿਦਾ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਦੇ ਮੈਨੇਜਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਸ਼ਿਕਾਇਤਕਰਤਾ ਨੇ ਦੱਸਿਆ ਕਿ ਖਰੀਦ ਸੀਜ਼ਨ 2025-26 ਲਈ ਉਕਤ ਚੌਲ ਮਿੱਲ ਨੂੰ ਝੋਨੇ ਦੀਆਂ 49,086 ਬੋਰੀਆਂ ਅਲਾਟ ਕੀਤੀਆਂ ਗਈਆਂ ਸਨ। ਅਲਾਟ ਕੀਤੀ ਗਈ ਮਾਤਰਾ ਵਿੱਚੋਂ, ਚੌਲਾਂ ਦੀਆਂ 1,160 ਬੋਰੀਆਂ ਦੋ ਖੇਪਾਂ (ਹਰੇਕ ਖੇਪ ਵਿੱਚ 580 ਬੋਰੀਆਂ) ਐਫ.ਸੀ.ਆਈ. ਨੂੰ ਭੇਜਣ ਲਈ ਲੰਬਿਤ ਸਨ। ਉਨ੍ਹਾਂ ਦੱਸਿਆ ਕਿ ਉਕਤ ਦੋ ਖੇਪਾਂ ਭੋਗਪੁਰ ਸਥਿਤ ਐਫ.ਸੀ.ਆਈ. ਗੋਦਾਮ ਵਿੱਚ ਭੇਜੀਆਂ ਗਈਆਂ ਸਨ। ਇਸ ਤੋਂ ਬਾਅਦ, ਦੋਸ਼ੀ ਰੂਹੀ ਬਾਲਾ ਕਾਲੀਆ ਨੇ ਉਕਤ ਖੇਪਾਂ ਨੂੰ ਕਲੀਅਰ ਕਰਨ ਲਈ ਸ਼ਿਕਾਇਤਕਰਤਾ ਤੋਂ 25,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਇਹ ਮੰਗ ਸ਼ਿਕਾਇਤਕਰਤਾ ਦੇ ਮੁਨੀਮ ਆਦਰਸ਼ ਕੁਮਾਰ ਨਾਲ ਮੋਬਾਈਲ ਫੋਨ ਰਾਹੀਂ ਹੋਈ ਗੱਲਬਾਤ ਦੌਰਾਨ ਕੀਤੀ ਗਈ ਸੀ। ਦੱਸਣਯੋਗ ਹੈ ਕਿ ਪਹਿਲਾਂ ਵੀ, ਦੋਸ਼ੀ ਨੇ ਸ਼ਿਕਾਇਤਕਰਤਾ ਤੋਂ ਆਪਣੀ ਫਰਮ ਦੀਆਂ ਪਿਛਲੀਆਂ ਖੇਪਾਂ ਨੂੰ ਕਲੀਅਰ ਕਰਨ ਬਦਲੇ 50,000 ਰੁਪਏ ਰਿਸ਼ਵਤ ਲਈ ਸੀ। ਆਪਣੀਆਂ ਖੇਪਾਂ ਨੂੰ ਰੱਦ ਕਰਨ ਦੇ ਡਰ ਤੋਂ, ਸ਼ਿਕਾਇਤਕਰਤਾ ਮਜਬੂਰੀ ਵਿੱਚ ਰਿਸ਼ਵਤ ਦੇਣ ਲਈ ਸਹਿਮਤ ਹੋ ਗਿਆ। ਹਾਲਾਂਕਿ, ਬੇਨਤੀ ਕਰਨ 'ਤੇ, ਦੋਸ਼ੀ ਬਕਾਇਆ ਖੇਪਾਂ ਨੂੰ ਕਲੀਅਰ ਕਰਨ ਲਈ 20,000 ਰੁਪਏ ਲੈਣ ਲਈ ਸਹਿਮਤ ਹੋ ਗਿਆ। ਰਿਸ਼ਵਤ ਦੀ ਮੰਗ ਸਬੰਧੀ ਸਾਰੀ ਗੱਲਬਾਤ ਸ਼ਿਕਾਇਤਕਰਤਾ ਵੱਲੋਂ ਰਿਕਾਰਡ ਕਰ ਲਈ ਗਈ ਸੀ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸਨੇ ਪੰਜਾਬ ਵਿਜੀਲੈਂਸ ਬਿਊਰੋ, ਯੂਨਿਟ ਕਪੂਰਥਲਾ ਕੋਲ ਪਹੁੰਚ ਕੀਤੀ ਅਤੇ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਵਿਜੀਲੈਂਸ ਬਿਊਰੋ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਦੋਸ਼ੀ ਰੂਹੀ ਬਾਲਾ ਕਾਲੀਆ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ, ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਬਰਿੰਦਰ ਕੁਮਾਰ ਗੋਇਲ ਵੱਲੋਂ ਪੰਜਾਬ ਵਿੱਚ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਦੀ ਸ਼ੁਰੂਆਤ

ਪੰਕਜ

ਚੰਡੀਗੜ੍ਹ, ਖਣਨ ਖੇਤਰ ਵਿੱਚ ਪਾਰਦਰਸ਼ਤਾ ਅਤੇ ਨਿਯਮਿਤ ਖਣਨ ਪ੍ਰਣਾਲੀ ਨੂੰ ਮਜ਼ਬੂਤੀ ਨਾਲ ਲਾਗੂ ਕਰਨ ਵੱਲ ਇੱਕ ਹੋਰ ਫ਼ੈਸਲਾਕੁਨ ਕਦਮ ਚੁੱਕਦਿਆਂ ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਪੰਜਾਬ ਵਿੱਚ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸਜ਼) ਦੀ ਸ਼ੁਰੂਆਤ ਕੀਤੀ। ਪਠਾਨਕੋਟ ਜ਼ਿਲ੍ਹੇ ਵਿੱਚ ਪੈਂਦੀਆਂ ਇਨ੍ਹਾਂ ਸਾਈਟਾਂ ਦੀ ਸ਼ੁਰੂਆਤ ਕਰਨ ਮੌਕੇ ਕੈਬਨਿਟ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਪਹਿਲਕਦਮੀ ਨਾਲ ਬਾਜ਼ਾਰ ਵਿੱਚ ਰੇਤ ਅਤੇ ਹੋਰ ਖਣਿਜਾਂ ਦੀ ਬਹੁਤਾਤ ਵਿੱਚ ਉਪਲਬਧਤਾ ਯਕੀਨੀ ਬਣੇਗੀ ਅਤੇ ਸੂਬੇ ਭਰ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ 'ਤੇ ਹੋਰ ਪ੍ਰਭਾਵੀ ਢੰਗ ਨਾਲ ਨਕੇਲ ਕਸੀ ਜਾ ਸਕੇਗੀ। ਇਸ ਮੌਕੇ ਖਣਨ ਅਤੇ ਭੂ-ਵਿਗਿਆਨ ਮੰਤਰੀ, ਕਰੱਸ਼ਰ ਮਾਲਕਾਂ, ਜ਼ਮੀਨ ਮਾਲਕਾਂ ਅਤੇ ਸੀਨੀਅਰ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਦੋ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਲਈ ਸਮਝੌਤਿਆਂ 'ਤੇ ਹਸਤਾਖ਼ਰ ਕੀਤੇ ਗਏ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਦੋਵੇਂ ਸਾਈਟਾਂ ਤਹਿਤ 4.46 ਹੈਕਟੇਅਰ ਖੇਤਰ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਝੌਤਿਆਂ ਨਾਲ ਵਿਭਾਗ ਵੱਲੋਂ ਇੱਕ ਸੁਚਾਰੂ ਢਾਂਚਾ ਲਾਗੂ ਕੀਤਾ ਜਾ ਰਿਹਾ ਹੈ, ਜਿਸ ਨਾਲ ਮਨਜ਼ੂਰਸ਼ੁਦਾ ਖਣਨ ਯੋਜਨਾਵਾਂ ਅਤੇ ਵਾਤਾਵਰਣ ਸੁਰੱਖਿਆ ਅਧੀਨ ਰਜਿਸਟਰਡ ਕਰੱਸ਼ਰ ਯੂਨਿਟ ਸਿੱਧੇ ਤੌਰ 'ਤੇ ਖਣਨ ਗਤੀਵਿਧੀਆਂ ਵਿੱਚ ਜੁੜਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਲੋਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਰੇਤ ਅਤੇ ਹੋਰ ਖਣਿਜ ਪਦਾਰਥ ਉਪਲਬਧ ਕਰਵਾਉਣ ਲਈ ਵਚਨਬੱਧ ਹੈ। ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਅਤੇ ਲੈਂਡ-ਓਨਰ ਮਾਈਨਿੰਗ ਸਾਈਟਾਂ ਦੇ ਚਾਲੂ ਹੋਣ ਨਾਲ ਛੋਟੇ ਖਣਿਜਾਂ ਦੀ ਕਾਨੂੰਨੀ ਸਪਲਾਈ ਵਿੱਚ ਕਾਫ਼ੀ ਵਾਧਾ ਹੋਵੇਗਾ, ਜਿਸ ਨਾਲ ਬਾਜ਼ਾਰ ਦੀਆਂ ਕੀਮਤਾਂ ਸਥਿਰ ਅਤੇ ਵਾਜਿਬ ਰਹਿਣਗੀਆਂ। ਨਵੀਂ ਖਣਨ ਨੀਤੀ ਤਹਿਤ ਪਹਿਲਕਦਮੀਆਂ ਬਾਰੇ ਵੇਰਵੇ ਸਾਂਝੇ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਭਰ 'ਚੋਂ ਕਰੱਸ਼ਰ-ਓਨਰ ਮਾਈਨਿੰਗ ਸਾਈਟਾਂ ਲਈ ਕੁੱਲ 138 ਅਰਜ਼ੀਆਂ ਅਤੇ ਲੈਂਡ-ਓਨਰ ਮਾਈਨਿੰਗ ਸਾਈਟਾਂ ਲਈ 25 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ 305.59 ਹੈਕਟੇਅਰ ਖੇਤਰ ਵਾਲੀਆਂ 44 ਸਾਈਟਾਂ ਦੀਆਂ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਪ੍ਰਵਾਨ ਹੋ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ 79.74 ਹੈਕਟੇਅਰ ਖੇਤਰ ਵਾਲੀਆਂ 14 ਸਾਈਟਾਂ ਲਈ ਵਾਤਾਵਰਣ ਪ੍ਰਵਾਨਗੀ ਲਈ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਾਰੀਆਂ 44 ਪ੍ਰਵਾਨਿਤ ਸਾਈਟਾਂ ਲਈ 31 ਮਾਰਚ, 2026 ਤੱਕ ਮਨਜ਼ੂਰੀ ਮਿਲਣ ਦੀ ਉਮੀਦ ਹੈ, ਜਿਸ ਤੋਂ ਬਾਅਦ ਇਨ੍ਹਾਂ ਸਾਈਟਾਂ ਵਿਖੇ ਪੜਾਅਵਾਰ ਢੰਗ ਨਾਲ ਕੰਮ ਸ਼ੁਰੂ ਹੋ ਜਾਵੇਗਾ।

**31 ਮਾਰਚ 2026 ਤੱਕ 44 ਮਨਜ਼ੂਰਸ਼ੁਦਾ ਕਰੱਸ਼ਰ ਮਾਈਨਿੰਗ ਸਾਈਟਾਂ ਹੋਣਗੀਆਂ ਚਾਲੂ; ਬਾਕੀ 119 ਸਾਈਟਾਂ ਇਸੇ ਵਰ੍ਹੇ ਪੜਾਅ-ਵਾਰ ਸ਼ੁਰੂ ਕੀਤੀਆਂ ਜਾਣਗੀਆਂ**

# ਮਾਣਯੋਗ ਅਦਾਲਤ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਮਾਮਲੇ ਵਿੱਚ ਬਰੀ ਕਰਨਾ ਸੱਚਾਈ ਅਤੇ ਲੋਕਤੰਤਰ ਦੀ ਜਿੱਤ: ਮੋਹਿੰਦਰ ਭਗਤ

## ਰਾਜਨੀਤਿਕ ਚੁਣੌਤੀਆਂ ਦੇ ਬਾਵਜੂਦ ਕੇਜਰੀਵਾਲ ਪਾਰਦਰਸ਼ੀ ਸ਼ਾਸਨ ਅਤੇ ਲੋਕ ਭਲਾਈ ਲਈ ਵਚਨਬੱਧ ਰਹੇ ਹਨ

ਮਨਦੀਪ ਕੌਰ

ਚੰਡੀਗੜ੍ਹ, ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਆਬਕਾਰੀ ਨੀਤੀ ਮਾਮਲੇ ਵਿੱਚ ਮਾਣਯੋਗ ਅਦਾਲਤ ਦੇ ਹਾਲੀਆ ਫੈਸਲੇ ਨੂੰ ਸੱਚਾਈ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਹੋਰ ਦੋਸ਼ੀਆਂ ਨੂੰ ਬਰੀ ਕਰਨ ਨਾਲ ਉਨ੍ਹਾਂ ਤੇ ਲਗਾਏ ਗਏ ਝੂਠੇ ਦੋਸ਼ ਅਤੇ ਬੇਬੁਨਿਆਦ ਸਾਬਿਤ ਹੋ ਗਏ ਹਨ। ਸ੍ਰੀ ਭਗਤ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਨੇ ਨਿਆਂਪਾਲਿਕਾ ਪ੍ਰਤੀ ਆਮ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕੀਤਾ ਹੈ ਅਤੇ ਇਹ ਸਾਬਤ ਕੀਤਾ ਹੈ ਕਿ ਅੰਤ ਵਿੱਚ ਸੱਚ ਅਤੇ ਨਿਆਂ ਦੀ ਹੀ ਜਿੱਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰਿਕ ਤਰੀਕੇ ਨਾਲ ਚੁਣੀ ਗਈ ਲੀਡਰਸ਼ਿਪ ਦੀ ਛਵੀ ਨੂੰ ਖਰਾਬ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਸੱਚਾਈ ਨਿਆਂਇਕ ਪ੍ਰਕਿਰਿਆ ਰਾਹੀਂ ਸਾਹਮਣੇ ਆ ਗਈ ਹੈ। ਸ੍ਰੀ ਅਰਵਿੰਦ ਕੇਜਰੀਵਾਲ ਨੂੰ ਇੱਕ ਵਚਨਬੱਧ ਅਤੇ ਦੂਰਦਰਸ਼ੀ ਨੇਤਾ ਦੱਸਦਿਆਂ, ਭਗਤ ਨੇ ਕਿਹਾ ਕਿ ਰਾਜਨੀਤਿਕ ਚੁਣੌਤੀਆਂ ਦੇ ਬਾਵਜੂਦ, ਉਹ ਪਾਰਦਰਸ਼ੀ ਸ਼ਾਸਨ ਅਤੇ ਲੋਕ ਭਲਾਈ ਲਈ ਕੰਮ ਕਰਦੇ ਰਹੇ ਹਨ। ਸ੍ਰੀ ਭਗਤ ਨੇ ਕਿਹਾ ਕਿ ਮਾਣਯੋਗ ਕੋਰਟ ਦਾ ਇਹ ਫੈਸਲਾ ਦੇਸ਼ ਵਿੱਚ ਲੋਕਤੰਤਰਿਕ ਪਰੰਪਰਾਵਾਂ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਸੱਚਾਈ ਤੇ ਨਿਆਂ ਦੀ ਮਹੱਤਤਾ ਨੂੰ ਉਜਾਗਰ ਕਰੇਗਾ।



# ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਲੜਾਕੂ ਹੈਲੀਕਾਪਟਰ 'ਪ੍ਰਚੰਡ' ਵਿੱਚ ਭਰੀ ਉਡਾਣ

## ਮੁਰਮੂ ਨੇ ਕਾਕਪਿਟ ਤੋਂ ਦੇਸ਼ ਦੇ ਨਾਂ ਸੰਦੇਸ਼ ਦਿੱਤਾ

ਨਵੀਂ ਦਿੱਲੀ, ਏਜੰਸੀ

ਰਾਸ਼ਟਰਪਤੀ ਦਰੌਪਦੀ ਮੁਰਮੂ ਨੇ ਸ਼ੁੱਕਰਵਾਰ ਨੂੰ ਜੈਸਲਮੇਰ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਲਾਈਟ ਕੰਬੈਟ ਹੈਲੀਕਾਪਟਰ 'ਪ੍ਰਚੰਡ' ਵਿੱਚ ਕੋ-ਪਾਇਲਟ ਵਜੋਂ 25 ਮਿੰਟ ਦੀ ਉਡਾਣ ਭਰੀ। ਭਾਰਤੀ ਹਵਾਈ ਸੈਨਾ ਦੇ ਅਨੁਸਾਰ ਕਪਤਾਨ ਵੱਲੋਂ ਜਾਣਕਾਰੀ ਦਿੱਤੇ ਜਾਣ ਤੋਂ ਬਾਅਦ ਹੈਲੀਕਾਪਟਰ ਨੇ ਜੈਸਲਮੇਰ ਏਅਰ ਫੋਰਸ ਸਟੇਸ਼ਨ ਤੋਂ ਉਡਾਣ ਭਰੀ। ਉਡਾਣ ਦੌਰਾਨ ਹਥਿਆਰਬੰਦ ਸੈਨਾਵਾਂ ਦੀ ਸਰਬਉੱਚ ਕਮਾਂਡਰ ਮੁਰਮੂ ਨੇ ਕਾਕਪਿਟ ਤੋਂ ਦੇਸ਼ ਦੇ ਨਾਂ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ, ਪ੍ਰਚੰਡ ਹੈਲੀਕਾਪਟਰ ਆਤਮ-ਨਿਰਭਰਤਾ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ। ਇਸ ਸਮੇਂ,ਮੈਂ ਜੈਸਲਮੇਰ ਜ਼ਿਲ੍ਹੇ ਦੇ ਉੱਪਰ ਉੱਡ ਰਹੀ ਹਾਂ। ਮੈਂ ਆਪਣੇ ਬਹਾਦਰ ਸੈਨਿਕਾਂ ਦਾ ਤਹਿ ਦਿਲੋਂ ਸਵਾਗਤ ਅਤੇ ਡੂੰਘਾ ਧੰਨਵਾਦ ਕਰਦੀ ਹਾਂ। ਤੁਹਾਨੂੰ ਨਿੱਘਾ ਸਲਾਮ,ਜੈ ਹਿੰਦ,ਜੈ ਭਾਰਤ।" ਹੈਲੀਕਾਪਟਰ ਪੋਖਰਨ ਫਾਇਰਿੰਗ ਰੇਂਜ ਦੇ ਉੱਪਰੋਂ ਉੱਡਿਆ,ਜਿੱਥੇ ਹਵਾਈ ਸੈਨਾ ਸ਼ੁੱਕਰਵਾਰ ਸ਼ਾਮ ਨੂੰ ਆਪਣਾ ਫਾਇਰਪਾਵਰ ਪ੍ਰਦਰਸ਼ਨ 'ਵਾਯੂ ਸ਼ਕਤੀ' ਆਯੋਜਿਤ ਕਰਨ ਜਾ ਰਹੀ ਹੈ; ਮੁਰਮੂ ਇਸ ਦਿਨ-ਸ਼ਾਮ-ਰਾਤ ਦੇ ਪ੍ਰਦਰਸ਼ਨ ਦੀ ਗਵਾਹ ਬਣਨਗੇ। ਇਸ ਤੋਂ ਪਹਿਲਾਂ ਹਵਾਈ ਸੈਨਾ ਦੇ ਮੁਖੀ ਏਅਰ ਮਾਰਸ਼ਲ ਏ.ਪੀ.ਸਿੰਘ ਨੇ ਹਵਾਈ ਸੈਨਾ ਸਟੇਸ਼ਨ 'ਤੇ ਰਾਸ਼ਟਰਪਤੀ ਦਾ ਸਵਾਗਤ ਕੀਤਾ। ਅੱਜ ਦੀ ਉਡਾਣ ਦੇ ਨਾਲ, ਮੁਰਮੂ ਹਮਲਾਵਰ ਹੈਲੀਕਾਪਟਰ ਵਿੱਚ ਉੱਡਣ ਵਾਲੇ ਪਹਿਲੇ ਭਾਰਤੀ ਰਾਸ਼ਟਰਪਤੀ ਬਣ ਗਏ ਹਨ,ਜੋ ਕਿ ਫਰੰਟਲਾਈਨ ਮਿਲਟਰੀ ਪਲੇਟਫਾਰਮਾਂ ਦੇ ਨਾਲ ਉਨ੍ਹਾਂ ਦੇ ਰੁਝੇਵਿਆਂ ਵਿੱਚ ਇੱਕ ਹੋਰ ਮੀਲ ਪੱਥਰ ਹੈ।



# ਅਦਾਲਤ ਦੇ ਫੈਸਲੇ ਨੂੰ ਹਾਈਕੋਰਟ ਵਿੱਚ ਚੁਣੌਤੀ ਦੇਵੇਗੀ ਸੀਬੀਆਈ

## ਕੇਜਰੀਵਾਲ ਤੇ ਸਿਸੋਦੀਆ ਸਮੇਤ 23 ਲੋਕਾਂ ਦੇ ਬਰੀ ਹੋਣ ਮਗਰੋਂ ਏਜੰਸੀ ਨੇ ਲਿਆ ਫੈਸਲਾ

ਨਵੀਂ ਦਿੱਲੀ, ਏਜੰਸੀ




ਦਿੱਲੀ ਰਾਊਜ਼ ਐਵੇਨਿਊ ਅਦਾਲਤ ਨੇ ਸ਼ੁੱਕਰਵਾਰ ਨੂੰ ਦਿੱਲੀ ਸ਼ਰਾਬ ਨੀਤੀ ਕੇਸ ਵਿੱਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਬੀਆਰਐਸ ਆਗੂ ਕੇ. ਕਵਿਤਾ ਸਮੇਤ ਸਾਰੇ 23 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਆਬਕਾਰੀ ਨੀਤੀ ਬਣਾਉਣ ਵਿੱਚ ਕੋਈ ਅਪਰਾਧਿਕ ਸਾਜ਼ਿਸ਼ ਜਾਂ ਗਲਤ ਇਰਾਦਾ ਸਾਬਤ ਨਹੀਂ ਹੋਇਆ ਹੈ। ਅਦਾਲਤ ਨੇ ਸੀਬੀਆਈ (329) ਦੀ ਜਾਂਚ ਦੀ ਨਿਸ਼ਾਨਦੇਹੀ ਕਰਦਿਆਂ ਕਿਹਾ ਕਿ ਜਾਂਚ ਏਜੰਸੀ ਵੱਲੋਂ ਪੇਸ਼ ਕੀਤੇ ਗਏ ਤੱਥ ਸਿਰਫ਼ ਅੰਦਾਜ਼ਿਆਂ 'ਤੇ ਅਧਾਰਤ ਸਨ ਅਤੇ ਕਿਸੇ ਵੀ ਮੁਲਜ਼ਮ ਵਿਰੁੱਧ ਕੋਈ ਪੁਖ਼ਤਾ ਸਬੂਤ ਨਹੀਂ ਮਿਲਿਆ। ਦੂਜੇ ਪਾਸੇ, ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਸੀਬੀਆਈ ਨੇ ਦਿੱਲੀ ਹਾਈ ਕੋਰਟ ਵਿੱਚ ਅਪੀਲ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਏਜੰਸੀ ਦੇ ਸੂਤਰਾਂ ਅਨੁਸਾਰ, ਅਦਾਲਤ ਦੇ ਫੈਸਲੇ ਵਿੱਚ ਜਾਂਚ ਦੇ ਕਈ ਅਹਿਮ ਪਹਿਲੂਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਜਿਨ੍ਹਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਹ ਮਾਮਲਾ 2022 ਵਿੱਚ ਐਲ-ਜੀ ਵੀ.ਕੇ. ਸਕਸੈਨਾ ਦੀ ਸ਼ਿਕਾਇਤ ਤੋਂ ਬਾਅਦ ਸ਼ੁਰੂ ਹੋਇਆ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਨਵੀਂ ਸ਼ਰਾਬ ਨੀਤੀ ਰਾਹੀਂ ਕਾਰਟੇਲਾਈਜ਼ੇਸ਼ਨ ਨੂੰ ਉਤਸ਼ਾਹਿਤ ਕੀਤਾ ਗਿਆ ਅਤੇ ਕੁਝ ਚੋਣਵੇਂ ਲੋਕਾਂ ਨੂੰ ਆਰਥਿਕ ਲਾਭ ਪਹੁੰਚਾਇਆ ਗਿਆ। ਹਾਲਾਂਕਿ, ਅਦਾਲਤ ਨੇ ਹੁਣ ਇਨ੍ਹਾਂ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਮੁਲਜ਼ਮਾਂ ਨੂੰ ਵੱਡੀ ਰਾਹਤ ਦਿੱਤੀ ਹੈ।

# ਬੰਗਲਾਦੇਸ਼ 'ਚ 5.4 ਤੀਬਰਤਾ ਦਾ ਭੂਚਾਲ



ਢਾਕਾ (ਏਜੰਸੀ)- ਬੰਗਲਾਦੇਸ਼ ਵਿੱਚ ਸ਼ੁੱਕਰਵਾਰ ਦੁਪਹਿਰ ਨੂੰ 5.4 ਤੀਬਰਤਾ ਦਾ ਤੇਜ਼ ਭੂਚਾਲ ਆਇਆ, ਜਿਸ ਦੇ ਜ਼ੋਰਦਾਰ ਝਟਕੇ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੀ ਮਹਿਸੂਸ ਕੀਤੇ ਗਏ। ਅਮਰੀਕੀ ਸਰਵੇਖਣ ਅਨੁਸਾਰ ਭੂਚਾਲ ਦਾ ਕੇਂਦਰ ਢਾਕਾ ਤੋਂ ਕਰੀਬ 188 ਕਿਲੋਮੀਟਰ ਦੂਰ ਅਤੇ ਧਰਤੀ ਦੀ ਸਤਹ ਤੋਂ ਸਿਰਫ਼ 9.8 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਭੂਚਾਲ ਆਉਂਦੇ ਹੀ ਕੋਲਕਾਤਾ ਵਿੱਚ ਦਹਿਸ਼ਤ ਫੈਲ ਗਈ ਅਤੇ ਲੋਕ ਘਰਾਂ ਤੇ ਦਫ਼ਤਰਾਂ ਵਿੱਚੋਂ ਬਾਹਰ ਖੁੱਲ੍ਹੀਆਂ ਥਾਵਾਂ ਵੱਲ ਭੱਜੇ। ਚਸ਼ਮਦੀਦਾਂ ਅਨੁਸਾਰ ਘਰਾਂ ਵਿੱਚ ਪੱਖੇ, ਸੋਫ਼ੇ ਅਤੇ ਹੋਰ ਸਾਮਾਨ ਸਾਫ਼ ਹਿੱਲਦਾ ਦਿਖਾਈ ਦਿੱਤਾ।

# ਕੈਨੇਡਾ: ਘਰ 'ਚ ਦਾਖਲ ਹੋ ਕੇ ਗੋਲੀਆਂ ਮਾਰਨ ਵਾਲੇ ਖ਼ਿਲਾਫ਼ ਦੇਸ਼ ਵਿਆਪੀ ਵਰੰਟ ਜਾਰੀ

ਉਂਟਾਰੀਓ, ਏਜੰਸੀ

**ਘਰ 'ਚ ਦਾਖਲ ਹੋ ਕੇ ਦੋ ਨੂੰ ਗੋਲੀਆਂ ਨਾਲ ਮਾਰਨ ਵਾਲਿਆਂ 'ਚੋਂ ਦਿਲਪ੍ਰੀਤ ਪਹਿਲਾਂ ਹੀ ਪੁਲੀਸ ਗ੍ਰਿਫਤ 'ਚ**

ਉਂਟਾਰੀਓ ਦੀ ਪੀਲ ਪੁਲੀਸ ਨੇ 6 ਮਹੀਨੇ ਪਹਿਲਾਂ ਬਰੈਂਪਟਨ ਦੇ ਇਕ ਘਰ 'ਚ ਦਾਖਲ ਹੋਕੇ ਦੋ ਲੋਕਾਂ ਨੂੰ ਗੋਲੀਆਂ ਮਾਰਨ ਵਾਲੇ ਦੂਜੇ ਦੋਸ਼ੀ ਦੀ ਭਾਲ ਲਈ ਕੈਨੇਡਾ ਵਿਆਪੀ ਵਰੰਟ ਜਾਰੀ ਕੀਤੇ ਹਨ। ਕਥਿਤ ਦੋਸ਼ੀ ਦੀ ਪਛਾਣ ਮਨਪ੍ਰੀਤ ਸਿੰਘ (29) ਵਜੋ



ਜਾਰੀ ਕੀਤੀ ਗਈ ਹੈ। ਮਾਮਲੇ 'ਚ ਇੱਕ ਦਿਲਪ੍ਰੀਤ ਸਿੰਘ ਪਹਿਲਾਂ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਘਟਨਾ ਦਾ ਵੇਰਵਾ ਦਿੰਦੇ ਹੋਏ ਪੀਲ ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਬੀਤੇ ਵਰ੍ਹੇ 19 ਅਗਸਤ ਨੂੰ ਦੋ ਅਨਜਾਣ ਵਿਅਕਤੀ ਬਰੈਂਪਟਨ ਦੇ ਕੈਸਲਮੋਰ ਤੇ ਹੰਬਰਵੈਸਟ ਖੇਤਰ ਵਿਚ ਕਿਸੇ ਘਰ ਦਾਖਲ ਹੋਏ ਅਤੇ ਦੋ ਲੋਕਾਂ ਨੂੰ ਕਈ ਗੋਲੀਆਂ ਮਾਰ ਕੇ ਫਰਾਰ ਹੋ ਗਏ। ਤੁਰੰਤ ਡਾਕਟਰੀ ਮਦਦ ਮਿਲਣ ਕਰਕੇ ਇੱਕ ਵਿਅਕਤੀ ਦੀ ਜਾਨ ਬਚ ਗਈ ਜਦਕਿ ਇੱਕ ਦੀ ਮੌਤ ਹੋ ਗਈ ਸੀ। ਪੁਲੀਸ ਨੇ ਸੀਸੀਟੀਵੀ ਕੈਮਰਿਆਂ ਚੋਂ ਦੋਹਾਂ ਦੋਸ਼ੀਆਂ ਦੀ ਪਛਾਣ ਕੀਤੀ। ਅਕਤੂਬਰ ਵਿੱਚ ਇੱਕ ਮੁਲਜ਼ਮ ਦਿਲਪ੍ਰੀਤ ਸਿੰਘ ਨੂੰ ਪਹਿਲਾ ਦਰਜਾ ਹੱਤਿਆ ਅਧੀਨ ਗ੍ਰਿਫਤਾਰ ਕਰ ਲਿਆ ਅਤੇ ਮਨਪ੍ਰੀਤ ਸਿੰਘ (29) ਦੀ ਭਾਲ ਕੀਤੀ ਜਾ ਰਹੀ ਹੈ। ਕੈਨੇਡਾ ਪੁਲੀਸ ਨੇ ਮਨਪ੍ਰੀਤ ਵਿਰੁੱਧ ਦੇਸ਼ ਵਿਆਪੀ ਵਰੰਟ ਜਾਰੀ ਕਰਕੇ ਲੋਕਾਂ ਤੋਂ ਉਸਨੂੰ ਫੜਾਉਣ 'ਚ ਮਦਦ ਮੰਗੀ ਹੈ।

# ਐਪਸਟੀਨ ਦੇ ਅਪਰਾਧਾਂ ਬਾਰੇ ਕੋਈ ਜਾਣਕਾਰੀ ਨਹੀਂ : ਹਿੱਲੇਰੀ ਕਲਿੰਟਨ

ਵਾਸ਼ਿੰਗਟਨ (ਏਜੰਸੀ)-ਸਾਬਕਾ ਵਿਦੇਸ਼ ਮੰਤਰੀ ਹਿੱਲੇਰੀ ਕਲਿੰਟਨ ਨੇ ਵੀਰਵਾਰ ਨੂੰ ਕਾਂਗਰਸ ਦੇ ਮੈਂਬਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਜੈਫਰੀ ਐਪਸਟੀਨ ਜਾਂ ਘਿਸਲੇਨ ਮੈਕਸਵੈੱਲ ਦੇ ਅਪਰਾਧਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਇਹ ਦੋ ਦਿਨਾਂ ਦੀ ਗਵਾਹੀ ਪ੍ਰਕਿਰਿਆ ਦੀ ਸ਼ੁਰੂਆਤ ਸੀ ਜਿਸ ਵਿੱਚ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਵੀ ਸ਼ਾਮਲ ਹੋਣਗੇ। ਹਿੱਲੇਰੀ ਕਲਿੰਟਨ ਨੇ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਆਪਣੇ ਸ਼ੁਰੂਆਤੀ ਬਿਆਨ ਵਿੱਚ ਕਿਹਾ, ਮੈਨੂੰ ਉਨ੍ਹਾਂ ਦੀਆਂ ਅਪਰਾਧਿਕ ਗਤੀਵਿਧੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਮੈਨੂੰ ਯਾਦ ਨਹੀਂ ਹੈ ਕਿ ਮੈਂ ਕਦੇ ਮਿਸਟਰ ਐਪਸਟੀਨ ਨੂੰ ਮਿਲੀ ਹਾਂ। ਬੰਦ ਕਮਰੇ ਵਿੱਚ ਹੋਈ ਇਹ ਪੁੱਛਗਿੱਛ ਵੀਰਵਾਰ ਨੂੰ ਛੇ ਘੰਟਿਆਂ ਤੋਂ ਵੱਧ ਸਮੇਂ ਬਾਅਦ ਖਤਮ ਹੋਈ। ਨਿਊਯਾਰਕ ਸਿਟੀ ਦੇ ਉੱਤਰ ਵਿੱਚ ਸਥਿਤ ਕਲਿੰਟਨ ਪਰਿਵਾਰ ਦੇ ਜੱਦੀ ਸ਼ਹਿਰ ਚਪਾਕੁਆ ਵਿੱਚ ਇਹ ਗਵਾਹੀਆਂ ਉਸ ਸਮੇਂ ਹੋ ਰਹੀਆਂ ਹਨ ਜਦੋਂ ਰਿਪਬਲਿਕਨ ਨਿਯੰਤਰਿਤ ਹਾਊਸ ਓਵਰਸਾਈਟ ਕਮੇਟੀ ਐਪਸਟੀਨ ਦੀ ਜਾਂਚ ਕਰ ਰਹੀ ਹੈ,ਜਿਸ ਨੇ 2019 ਵਿੱਚ ਜੇਲ੍ਹ ਵਿੱਚ ਖੁਦਕੁਸ਼ੀ ਕਰ ਲਈ ਸੀ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸਾਬਕਾ ਰਾਸ਼ਟਰਪਤੀ ਨੂੰ ਕਾਂਗਰਸ ਦੇ ਸਾਹਮਣੇ ਪੇਸ਼ ਹੋਣ ਲਈ ਮਜਬੂਰ ਕੀਤਾ ਗਿਆ ਹੈ। ਹਾਲਾਂਕਿ,ਐਪਸਟੀਨ ਵੱਲੋਂ ਨਾਬਾਲਗ ਲੜਕੀਆਂ ਦੇ ਸ਼ੋਸ਼ਣ ਦੇ ਮਾਮਲੇ ਵਿੱਚ ਜਵਾਬਦੇਹੀ ਦੀ ਮੰਗ ਕੈਪੀਟਲ ਹਿੱਲ 'ਤੇ ਇੱਕ ਵੱਡੀ ਤਾਕਤ ਬਣ ਗਈ ਹੈ। ਰਾਸ਼ਟਰਪਤੀ ਡੋਨਲਡ ਟਰੰਪ, ਜਿਨ੍ਹਾਂ ਨੇ ਕਲਿੰਟਨ ਪਰਿਵਾਰ ਨੂੰ ਗਵਾਹੀ ਲਈ ਮਜਬੂਰ ਕੀਤੇ ਜਾਣ 'ਤੇ ਅਫਸੋਸ ਜਤਾਇਆ ਸੀ, ਪਿਛਲੇ ਸਾਲ ਐਪਸਟੀਨ ਨਾਲ ਸਬੰਧਤ ਫਾਈਲਾਂ ਜਨਤਕ ਕਰਨ ਦੇ ਦਬਾਅ ਅੱਗੇ ਝੁਕ ਗਏ ਸਨ। ਕਲਿੰਟਨ ਪਰਿਵਾਰ ਵੀ ਉਦੋਂ ਗਵਾਹੀ ਲਈ ਸਹਿਮਤ ਹੋਇਆ ਜਦੋਂ ਕਮੇਟੀ ਦੇ ਚੇਅਰਮੈਨ ਜੇਮਸ ਕੋਮਰ ਨੇ ਉਨ੍ਹਾਂ 'ਤੇ ਕਾਂਗਰਸ ਦੀ ਮਾਣਹਾਨੀ ਦੇ ਦੋਸ਼ ਲਗਾਉਣ ਦੀ ਧਮਕੀ ਦਿੱਤੀ। ਹਿੱਲੇਰੀ



ਕਲਿੰਟਨ ਨੇ ਕਿਹਾ ਕਿ ਉਹ ਇਨ੍ਹਾਂ ਅਪਰਾਧਾਂ ਬਾਰੇ ਜਾਣ ਕੇ ਹੈਰਾਨ ਹੈ। ਉਨ੍ਹਾਂ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਦੇ ਪਤੀ ਨੇ ਚੈਰਿਟੀ ਯਾਤਰਾਵਾਂ ਲਈ ਐਪਸਟੀਨ ਦੇ ਜਹਾਜ਼ ਦੀ ਵਰਤੋਂ ਕੀਤੀ ਸੀ, ਪਰ ਉਨ੍ਹਾਂ ਨੂੰ ਖੁਦ ਮਿਲਣਾ ਯਾਦ ਨਹੀਂ। ਮੈਕਸਵੈੱਲ, ਜੋ ਐਪਸਟੀਨ ਦੀ ਸਹਿਯੋਗੀ ਸੀ, ਨੇ 2010 ਵਿੱਚ ਚੇਲਸੀ ਕਲਿੰਟਨ ਦੇ ਵਿਆਹ ਵਿੱਚ ਵੀ ਸ਼ਿਰਕਤ ਕੀਤੀ ਸੀ। ਰਿਪਬਲਿਕਨਾਂ ਲਈ ਬਿਲ ਕਲਿੰਟਨ ਮੁੱਖ ਨਿਸ਼ਾਨਾ ਬਣੇ ਹੋਏ ਹਨ ਕਿਉਂਕਿ ਐਪਸਟੀਨ ਦੀਆਂ ਫਾਈਲਾਂ ਵਿੱਚ ਉਨ੍ਹਾਂ ਦੀਆਂ ਕਈ ਤਸਵੀਰਾਂ ਸਾਹਮਣੇ ਆਈਆਂ ਹਨ, ਹਾਲਾਂਕਿ ਉਨ੍ਹਾਂ 'ਤੇ ਕੋਈ ਸਿੱਧਾ ਦੋਸ਼ ਨਹੀਂ ਹੈ। ਦੂਜੇ ਪਾਸੇ, ਡੈਮੋਕ੍ਰੇਟਸ ਨੇ ਮੰਗ ਕੀਤੀ ਹੈ ਕਿ ਡੋਨਲਡ ਟਰੰਪ ਨੂੰ ਵੀ ਇਸ ਜਾਂਚ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਗਵਾਹੀ ਲਈ ਬੁਲਾਇਆ ਜਾਵੇ। ਸੈਨੇਟ ਦੇ ਡੈਮੋਕ੍ਰੇਟਿਕ ਆਗੂ ਚੱਕ ਸ਼ੂਮਰ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਜਾਣਗੇ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਪਰਦੇਪੋਸ਼ੀ ਨੂੰ ਬੇਨਕਾਬ ਕੀਤਾ ਜਾ ਸਕੇ।

# ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਖ਼ਤਮ

ਅੰਮ੍ਰਿਤਸਰ (ਪੰਕਜ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਵਿਚਾਲੇ ਚੱਲ ਰਹੇ ਵਿਵਾਦ ਦਰਮਿਆਨ ਅੰਤ੍ਰਿੰਗ ਕਮੇਟੀ ਨੇ ਹੈੱਡ ਗ੍ਰੰਥੀ ਵਜੋਂ ਉਨ੍ਹਾਂ ਦੀਆਂ ਸੇਵਾਵਾਂ ਤੁਰੰਤ ਪ੍ਰਭਾਵ ਤੋਂ ਖ਼ਤਮ ਕਰ ਦਿੱਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨਵਾਂ ਹੈੱਡ ਗ੍ਰੰਥੀ ਥਾਪਣ ਬਾਰੇ ਫ਼ੈਸਲਾ ਬਾਅਦ ਵਿੱਚ ਕੀਤਾ ਜਾਵੇਗਾ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਹੋਈ ਇਕੱਤਰਤਾ ਦੌਰਾਨ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਗਏ 72 ਘੰਟੇ ਦੇ ਨੋਟਿਸ ਦਾ ਮਾਮਲਾ ਵਿਚਾਰਿਆ ਗਿਆ। ਵਿਚਾਰ-ਵਟਾਂਦਰੇ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਤੇ ਲਗਾਏ ਗਏ ਇਲਜ਼ਾਮਾਂ ਬਾਰੇ ਕੋਈ ਵੀ ਸਬੂਤ ਪੇਸ਼ ਨਾ ਕਰਨ ਤੇ ਨਿਯਮਾਂ ਦੀ ਅਣਦੇਖੀ ਕਰ ਕੇ ਪ੍ਰਬੰਧ ਸਬੰਧੀ ਮੁੜ ਸਵਾਲ ਖੜ੍ਹੇ ਕਰਨ ਕਰ ਕੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਦੇ ਅਹੁਦੇ ਤੋਂ ਸੇਵਾ ਮੁਕਤ ਕਰਨ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਦਾ ਸੇਵਾ ਕਾਲ ਖਤਮ ਹੋਣ ਵਿੱਚ ਅਜੇ ਸਮਾਂ ਬਾਕੀ ਰਹਿੰਦਾ ਹੈ, ਉਂਝ ਉਹ ਪਿਛਲੇ ਕੁਝ ਮਹੀਨਿਆਂ ਤੋਂ ਲੰਮੀ ਛੁੱਟੀ 'ਤੇ ਹਨ। ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਕਾਰਜਕਾਰੀ ਮੁੱਖ ਗ੍ਰੰਥੀ ਵਜੋਂ ਗਿਆਨੀ ਅਮਰਜੀਤ ਸਿੰਘ ਸੇਵਾਵਾਂ ਨਿਭਾ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਹੈੱਡ ਗ੍ਰੰਥੀ ਨੇ ਮੀਡੀਆ ਵਿੱਚ ਜਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਬਦਨਾਮ ਕੀਤਾ, ਜਿਸ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੇ ਅਹੁਦੇ ਦੀ ਮਾਣ-ਮਰਿਆਦਾ ਨੂੰ ਢਾਹ ਲੱਗੀ ਹੈ। ਉਨ੍ਹਾਂ ਦਾ ਪ੍ਰੈੱਸ ਵਿੱਚ ਬਿਆਨ ਵੀ ਸ਼੍ਰੋਮਣੀ ਕਮੇਟੀ ਦੇ ਸੇਵਾ ਨਿਯਮਾਂ ਦੀ ਉਲੰਘਣਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਪੱਕੇ ਹੈੱਡ ਗ੍ਰੰਥੀ ਲਾਉਣ ਦਾ ਮਾਮਲਾ ਅਗਾਂਹ ਭਵਿੱਖ ਵਿੱਚ ਵਿਚਾਰਿਆ ਜਾਵੇਗਾ। ਗੁਰਦੁਆਰਿਆਂ ਦੀਆਂ ਜ਼ਮੀਨਾਂ ਵੇਚਣ ਦੇ ਦੋਸ਼ਾਂ ਬਾਰੇ ਐਡਵੋਕੇਟ ਧਾਮੀ ਨੇ ਕਿਹਾ ਕਿ ਕੁਝ ਲੋਕਾਂ ਵੱਲੋਂ ਝੂਠਾ ਬਿਰਤਾਂਤ ਸਿਰਜ ਕੇ ਸੰਗਤ ਵਿਚ ਭਰਮ ਭੁਲੇਖਾ ਪੈਦਾ ਕੀਤਾ ਜਾ ਰਿਹਾ ਹੈ। 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸਰਕਾਰ ਵੱਲੋਂ ਤਬਦੀਲ ਕੀਤੀ ਗਈ ਸਿੱਟ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਕੇਵਲ ਸਿਆਸਤ ਕਰਨਾ ਹੈ। ਗੁਰਦੁਆਰਾ ਸ੍ਰੀ ਅੰਬ ਸਾਹਿਬ ਮੁਹਾਲੀ ਦੀ ਜ਼ਮੀਨ ਦੇ ਮਾਮਲੇ ਵਿੱਚ ਪੁਲੀਸ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ।



## ਸਾਰੇ ਸਬੂਤ ਸੰਗਤ ਅੱਗੇ ਰੱਖਾਂਗਾ: ਗਿਆਨੀ ਰਘਬੀਰ ਸਿੰਘ

ਗਿਆਨੀ ਰਘਬੀਰ ਸਿੰਘ ਨੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਪਿੱਛੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਤੋਂ ਕੀਤਾ ਗਿਆ ਹੁਕਮਨਾਮਾ ਹੈ। ਉਨ੍ਹਾਂ ਵੀਡੀਓ ਸੁਨੇਹੇ ਵਿੱਚ ਕਿਹਾ ਕਿ ਉਹ ਅਕਾਲ ਤਖ਼ਤ ਦੀ ਫ਼ਸੀਲ ਤੋਂ ਕੀਤੇ ਗਏ ਹੁਕਮਨਾਮੇ 'ਤੇ ਦ੍ਰਿੜਤਾ ਨਾਲ ਖੜ੍ਹ ਹਨ। ਇਸੇ ਹੁਕਮਨਾਮੇ ਕਰ ਕੇ ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਨੂੰ ਅਹੁਦਿਆਂ ਤੋਂ ਹਟਾਇਆ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧ ਖਿਲਾਫ਼ ਲਗਾਏ ਗਏ ਦੋਸ਼ਾਂ ਬਾਰੇ ਸਾਰੇ ਸਬੂਤ ਸੰਗਤ ਸਾਹਮਣੇ ਰੱਖਣਗੇ।

# ਸੁਪਰੀਮ ਕੋਰਟ ਵੱਲੋਂ ਪੱਛਮੀ ਬੰਗਾਲ ਸਰਕਾਰ ਦੇ ਇਤਰਾਜ਼ ਨੂੰ ਸੁਣਨ ਤੋਂ ਇਨਕਾਰ

## ਨਿਆਂਇਕ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਵੱਲੋਂ ਸਿਖਲਾਈ ਦਿੱਤੇ ਜਾਣ 'ਤੇ ਜਤਾਇਆ ਸੀ ਇਤਰਾਜ਼

ਨਵੀਂ ਦਿੱਲੀ, ਏਜੰਸੀ

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਸਰਕਾਰ ਦੇ ਉਨ੍ਹਾਂ ਇਤਰਾਜ਼ਾਂ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜੋ ਰਾਜ ਵਿੱਚ ਚੱਲ ਰਹੀ ਵਿਸ਼ੇਸ਼ ਗੰਭੀਰ ਸੁਧਾਰ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਦਾਅਵਿਆਂ ਦੀ ਪੜਤਾਲ ਲਈ ਤਾਇਨਾਤ ਨਿਆਂਇਕ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਦੁਆਰਾ 'ਸਿਖਲਾਈ' ਦੇਣ ਦੇ ਵਿਰੁੱਧ ਸਨ। ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੀ ਬੈਂਚ ਨੇ ਪੱਛਮੀ ਬੰਗਾਲ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਕਪਿਲ ਸਿੱਬਲ ਨੂੰ ਕਿਹਾ, ਕਿਰਪਾ ਕਰਕੇ ਪ੍ਰਕਿਰਿਆ ਨੂੰ ਰੋਕਣ ਲਈ ਛੋਟੇ ਬਹਾਨੇ ਨਾ ਬਣਾਓ। ਇਹ ਖ਼ਤਮ ਹੋਣਾ ਚਾਹੀਦਾ ਹੈ... ਨਿਆਂਇਕ ਅਧਿਕਾਰੀਆਂ ਨੂੰ ਕੰਮ ਕਰਨ ਦਿਓ... ਉਹ ਸੁਤੰਤਰ ਤੌਰ 'ਤੇ ਕੰਮ ਕਰਨਗੇ। ਨਿਆਂਇਕ ਅਧਿਕਾਰੀਆਂ 'ਤੇ ਭਰੋਸਾ ਕੀਤਾ ਜਾਣਾ ਚਾਹੀਦਾ ਹੈ। ਬੈਂਚ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪ੍ਰਕਿਰਿਆ ਨੂੰ ਸਮਝਣ ਲਈ ਉਨ੍ਹਾਂ ਨੂੰ ਸਿਖਲਾਈ ਕੌਣ ਦੇਵੇਗਾ ਅਤੇ ਅਦਾਲਤ ਦਾ ਹੁਕਮ ਬਿਲਕੁਲ ਸਪੱਸ਼ਟ ਹੈ, ਜਿਸ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਓਵਰਰਾਈਡ ਨਹੀਂ ਕਰ ਸਕਦੀਆਂ। ਸਿੱਬਲ ਨੇ ਮਾਮਲੇ ਨੂੰ ਤੁਰੰਤ ਸੁਣਵਾਈ ਲਈ ਪੇਸ਼ ਕਰਦੇ ਹੋਏ ਦਲੀਲ ਦਿੱਤੀ ਸੀ ਕਿ ਅਦਾਲਤ ਦੇ ਹੁਕਮਾਂ ਤੋਂ ਬਾਅਦ ਚੋਣ ਕਮਿਸ਼ਨ ਨੇ ਅਦਾਲਤ ਦੀ ਜਾਣਕਾਰੀ ਤੋਂ ਬਿਨਾਂ ਨਿਆਂਇਕ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਅਤੇ ਉਨ੍ਹਾਂ ਨੂੰ ਇੱਕ ਸਿਖਲਾਈ ਮਾਡਿਊਲ ਦਿੱਤਾ ਗਿਆ ਹੈ। ਹਾਲਾਂਕਿ, ਬੈਂਚ ਸਿੱਬਲ ਨਾਲ ਅਸਹਿਮਤ ਸੀ ਅਤੇ ਕਿਹਾ ਕਿ ਪੋਲ ਪੈਨਲ ਲਈ ਉਨ੍ਹਾਂ ਨਿਆਂਇਕ ਅਧਿਕਾਰੀਆਂ ਨਾਲ ਤਾਲਮੇਲ ਕਰਨਾ ਗਲਤ ਨਹੀਂ ਸੀ ਜੋ ਐਸ.ਆਈ.ਆਰ. ਦੇ ਕੰਮ ਤੋਂ ਜਾਣੂ ਨਹੀਂ ਸਨ। ਸੀ.ਜੇ.ਆਈ. ਕਾਂਤ ਨੇ ਨੋਟ ਕੀਤਾ ਕਿ ਅਦਾਲਤ ਨੇ ਨਿਆਂਇਕ ਅਧਿਕਾਰੀਆਂ ਨੂੰ ਇੱਕ ਅਜਿਹੀ ਜ਼ਿੰਮੇਵਾਰੀ ਦਿੱਤੀ ਹੈ ਜੋ ਉਨ੍ਹਾਂ ਦੇ ਆਮ ਕੰਮ ਤੋਂ ਵੱਖਰੀ ਹੈ। ਜਦੋਂ ਸਿੱਬਲ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਅਦਾਲਤ ਦੁਆਰਾ ਪ੍ਰਵਾਨਿਤ ਪਛਾਣ ਪੱਤਰਾਂ ਨੂੰ ਸਵੀਕਾਰ ਨਹੀਂ ਕਰ ਰਿਹਾ, ਤਾਂ ਸੁਪਰੀਮ ਕੋਰਟ ਨੇ ਕਿਹਾ ਕਿ ਅਜਿਹੀਆਂ ਸਾਰੀਆਂ ਚਿੰਤਾਵਾਂ ਦਾ ਹੱਲ ਕੀਤਾ ਜਾਵੇਗਾ। ਅਦਾਲਤ ਨੇ ਪੱਛਮੀ ਬੰਗਾਲ ਵਿੱਚ ਐਸ.ਆਈ.ਆਰ. ਦੇ ਸੁਚਾਰੂ ਸੰਚਾਲਨ ਲਈ ਲਗਪਗ ਸਾਰੇ ਨਿਆਂਇਕ ਅਧਿਕਾਰੀਆਂ ਨੂੰ ਲਗਾਇਆ ਹੈ। ਸੁਪਰੀਮ ਕੋਰਟ ਨੇ 24 ਫਰਵਰੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੇ ਐਸ.ਆਈ.ਆਰ. ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਗੁਆਂਢੀ ਰਾਜਾਂ ਉੜੀਸਾ ਅਤੇ ਝਾਰਖੰਡ ਤੋਂ ਘੱਟੋ-ਘੱਟ ਤਿੰਨ ਸਾਲਾਂ ਦਾ ਤਜ਼ਰਬਾ ਰੱਖਣ ਵਾਲੇ ਸਿਵਲ ਜੱਜਾਂ ਦੀ ਤਾਇਨਾਤੀ ਦੀ ਇਜਾਜ਼ਤ ਦਿੱਤੀ ਸੀ।




# ਕੈਨੇਡੀਅਨ ਕਾਰੋਬਾਰੀਆਂ ਦੀਆਂ ਨਜ਼ਰਾਂ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ 'ਤੇ

ਨਵੀਂ ਦਿੱਲੀ, ਏਜੰਸੀ

ਕੈਨੇਡਾ ਦੇ ਬਹੁਤੇ ਕਾਰੋਬਾਰੀਆਂ ਦੀਆਂ ਨਜ਼ਰਾਂ ਅੱਜ ਭਾਰਤ ਪਹੁੰਚਣ ਵਾਲੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਪਹਿਲੀ ਭਾਰਤ ਯਾਤਰਾ 'ਤੇ ਟਿਕੀਆਂ ਹੋਈਆਂ ਹੋਈ ਹੈ। ਕਾਰੋਬਾਰੀ ਉਮੀਦ ਜਤਾ ਰਹੇ ਹਨ ਕਿ ਮਾਰਕ ਕਾਰਨੀ ਆਰਥਿਕ ਮਾਹਿਰ ਹੋਣ ਕਾਰਨ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਾਂਗ ਭਾਰਤ ਤੋਂ ਖਾਲੀ ਹੱਥ ਨਹੀਂ ਪਰਤਣਗੇ। ਬਹੁਤੇ ਕਾਰੋਬਾਰੀਆਂ ਦਾ ਭਰੋਸਾ ਹੈ ਕਿ ਪ੍ਰਧਾਨ ਮੰਤਰੀ ਦਾ ਚਾਰ ਦਿਨਾਂ 'ਚ ਭਾਰਤ ਦੇ ਦਰਜਨਾਂ ਵੱਡੇ ਕਾਰੋਬਾਰੀਆਂ ਨਾਲ ਗੱਲਬਾਤ ਕਰਕੇ ਚੰਗਾ ਮਾਹੌਲ ਸਿਰਜਣਗੇ। ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਦੋਹਾਂ ਦੇਸ਼ਾਂ ਦੀਆਂ ਵਪਾਰਕ ਲੋੜਾਂ ਹਨ ਅਤੇ ਦੋਹੇਂ ਦੇਸ਼ ਆਪਣੇ ਗਿਲਸ਼ਿਕਵੇ ਕਿਨਾਰੇ ਕਰਦਿਆਂ ਵਪਾਰ ਦੇ ਨਾਲ ਨਾਲ ਸਮਾਜਿਕ ਸਾਂਝ ਦਾ ਪੁੱਲ ਉਸਾਰਣਗੇ। ਹਾਲਾਂਕਿ ਇਸ ਦੀ ਅਸਲ ਤਸਵੀਰ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਮਿਲਣੀ ਤੋਂ ਬਾਅਦ ਹੀ ਸਾਹਮਣੇ ਆ ਸਕੇਗੀ



# ਗੁਰਦਾਸਪੁਰ ਵਿਖੇ ਲੈਵਲ-3 ਆਫਸਾਈਟ ਮੌਕ ਡ੍ਰਿਲ ਸਫਲਤਾਪੂਰਵਕ ਕਰਵਾਈ

ਸੋਨੂ, ਸਮਿਆਲ

ਗੁਰਦਾਸਪੁਰ, ਜ਼ਿਲ੍ਹਾ ਪ੍ਰਸ਼ਾਸਨ, ਗੁਰਦਾਸਪੁਰ ਦੇ ਸਹਿਯੋਗ ਨਾਲ ਗੁਜਰਾਤ ਗੈਸ ਲਿਮਟਿਡ ਵਲੋਂ ਅੱਜ ਬਾਬਾ ਬੰਦਾ ਸਿੰਘ ਬਹਾਦਰ ਚੌਕ, ਡੇਰਾ ਬਾਬਾ ਨਾਨਕ ਰੋਡ, ਗੁਰਦਾਸਪੁਰ ਦੇ ਨੇੜੇ ਲੈਵਲ-3 ਆਫਸਾਈਟ ਮੌਕ ਡ੍ਰਿਲ ਸਫਲਤਾਪੂਰਵਕ ਕਰਵਾਈ ਗਈ। ਇਹ ਮੌਕ ਡਰਿੱਲ ਗੁਜਰਾਤ ਗੈਸ ਲਿਮਟਿਡ (ਜੀ.ਜੀ.ਐਲ) ਵਲੋਂ ਖੁਦਾਈ ਦੇ ਕੰਮ ਦੌਰਾਨ ਸਟੀਲ ਗੈਸ ਪਾਈਪਲਾਈਨ ਨੂੰ ਹੋਏ ਨੁਕਸਾਨ ਕਾਰਨ ਅੱਗ ਦੀ ਸਥਿਤੀ ’ਤੇ ਕਾਬੂ ਪਾਉਣ ਦੇ ਸਬੰਧ ਵਿੱਚ ਕੀਤੀ ਗਈ। ਮੌਕ ਡਰਿੱਲ ਰਾਹੀਂ ਐਮਰਜੈਂਸੀ ਦੇ ਸਰਗਰਮ ਹੋਣ ’ਤੇ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਤੁਰੰਤ ਸਾਈਟ ’ਤੇ ਪਹੁੰਚੇ, ਸਮੁੱਚੀ ਪ੍ਰਤੀਕਿਰਿਆ ਦੀ ਨਿਗਰਾਨੀ ਕੀਤੀ ਅਤੇ ਸਾਰੇ ਸਬੰਧਤ ਵਿਭਾਗਾਂ ਵਿਚਕਾਰ ਪ੍ਰਭਾਵਸ਼ਾਲੀ ਤਾਲਮੇਲ ਨੂੰ ਯਕੀਨੀ ਬਣਾਇਆ। ਜ਼ਿਲ੍ਹਾ ਪ੍ਰਸ਼ਾਸਨ ਟੀਮ ਦੀ ਅਗਵਾਈ ਸ਼੍ਰੀ ਰੇਸ਼ਮ ਸਿੰਘ, ਤਹਿਸੀਲਦਾਰ ਗੁਰਦਾਸਪੁਰ ਨੇ ਕੀਤੀ। ਗੁਜਰਾਤ ਗੈਸ ਲਿਮਟਿਡ ਨੇ ਐਮਰਜੈਂਸੀ ਸਾਇਰਨ ਨੂੰ ਸਰਗਰਮ ਕੀਤਾ, ਅੰਦਰੂਨੀ ਐਮਰਜੈਂਸੀ ਪ੍ਰੋਟੋਕੋਲ ਲਾਗੂ ਕੀਤਾ, ਗੈਸ ਦੇ ਪ੍ਰਵਾਹ ਨੂੰ ਰੋਕਣ ਲਈ ਅਪਸਟ ?ਰੀਮ ਅਤੇ ਡਾਊਨਸਟ ?ਰੀਮ ਵਾਲਵ ਨੂੰ ਅਲੱਗ ਕੀਤਾ ਅਤੇ ਸਾਈਟ ਨੂੰ ਸੁਰੱਖਿਅਤ ਘੋਸ਼ਿਤ ਕਰਨ ਤੋਂ ਪਹਿਲਾਂ ਜ਼ੀਰੋ ਗੈਸ ਮੌਜੂਦਗੀ ਦੀ ਪੁਸ਼ਟੀ ਕਰਨ ਲਈ ਗੈਸ ਨਿਗਰਾਨੀ ਕੀਤੀ। ਮੈਸਰਜ਼ ਆਈਓਸੀਐਲ ਦੀ ਮਿਊਚੁਅਲ ਏਡ ਟੀਮ ਨੇ ਪ੍ਰਤੀਕਿਰਿਆ ਦੌਰਾਨ ਤਕਨੀਕੀ ਅਤੇ ਸੰਚਾਲਨ ਸਹਾਇਤਾ ਵੀ ਦਿੱਤੀ। ਮੌਕ ਡਰਿੱਲ ਦੌਰਾਨ ਪੁਲਿਸ ਵਿਭਾਗ ਨੇ ਤੇਜ਼ੀ ਨਾਲ ਇਲਾਕੇ ਨੂੰ ਘੇਰ ਲਿਆ, ਮੁੱਖ ਸੜਕ ’ਤੇ ਆਵਾਜਾਈ ਨੂੰ ਨਿਯਮਤ ਕੀਤਾ, ਅਤੇ ਇਹ ਯਕੀਨੀ ਬਣਾਇਆ ਕਿ ਜਨਤਾ ਨੂੰ ਘਟਨਾ ਵਾਲੀ ਥਾਂ ਤੋਂ ਸੁਰੱਖਿਅਤ ਦੂਰੀ ’ਤੇ ਰੱਖਿਆ ਜਾਵੇ। ਸਿਹਤ ਵਿਭਾਗ ਸਿਵਲ ਸਰਜਨ ਡਾ. ਗੁਰਪ੍ਰੀਤ ਕੌਰ ਨੇ ਬਿਨਾਂ ਦੇਰੀ ਕੀਤੇ ਐਂਬੂਲੈਂਸ ਭੇਜੀ, ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ, ਜ਼ਖਮੀਆਂ ਨੂੰ



ਬਚਾਇਆ ਅਤੇ ਸੁਰੱਖਿਅਤ ਹਸਪਤਾਲ ਭੇਜ ਦਿੱਤਾ। ਫਾਇਰ ਵਿਭਾਗ ਦੇ ਐਸਐਫਓ ਸੁਖਵਿੰਦਰ ਸਿੰਘ ਨੇ ਤੁਰੰਤ ਫਾਇਰ ਟੈਂਡਰਾਂ ਨੂੰ ਬੁਲਾਇਆ ਅਤੇ ਅੱਗ ਬੁਝਾਉਣ ਦੀਆਂ ਕਾਰਵਾਈਆਂ ਕੀਤੀਆਂ, ਗੈਸ ਸਪਲਾਈ ਨੂੰ ਅਲੱਗ ਕਰਨ ਤੋਂ ਬਾਅਦ ਅੱਗ ਨੂੰ ਸਫਲਤਾਪੂਰਵਕ ਬੁਝਾਇਆ। ਲਗਭਗ 30 ਮਿੰਟਾਂ ਦੇ ਅੰਦਰ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ ਗਿਆ। ਇਸ ਮੌਕ ਡਰਿੱਲ ਨੇ ਮਜ਼ਬੂਤ ਅੰਤਰ-ਵਿਭਾਗੀ ਤਾਲਮੇਲ, ਸਾਰੀਆਂ ਐਮਰਜੈਂਸੀ ਸੇਵਾਵਾਂ ਦੁਆਰਾ ਸਮੇਂ ਸਿਰ ਪ੍ਰਤੀਕਿਰਿਆ, ਅਤੇ ਵੱਡੀਆਂ ਉਦਯੋਗਿਕ ਐਮਰਜੈਂਸੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਜ਼ਿਲ੍ਹੇ ਦੀ ਤਿਆਰੀ ਨੂੰ ਉਜਾਗਰ ਕੀਤਾ। ਸਤਯੇਨ ਤ੍ਰਿਵੇਦੀ, ਸਰਕਲ ਹੈੱਡ-ਅੰਮ੍ਰਿਤਸਰ ਅਤੇ ਚੰਦਰਕਾਂਤ ਵਾਲਾ, ਜੀਏ ਹੈੱਡ-ਹੁਸ਼ਿਆਰਪੁਰ ਅਤੇ ਗੁਰਦਾਸਪੁਰ, ਗੁਜਰਾਤ ਗੈਸ ਲਿਮਟਿਡ ਨੇ ਦੱਸਿਆ ਕਿ ਜੀ.ਜੀ.ਐਲ ਨੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਨਾਲ ਨਜਿੱਠਣ ਲਈ ਗੁਰਦਾਸਪੁਰ ਵਿੱਚ 24 ⊘ 7 ਐਮਰਜੈਂਸੀ ਰਿਸਪਾਂਸ ਟੀਮ ਤਾਇਨਾਤ ਕੀਤੀ ਹੈ। ਉਨ੍ਹਾਂ ਸਾਰੇ ਅਧਿਕਾਰੀਆਂ ਅਤੇ ਆਮ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਕਿਸੇ ਵੀ ਸੜਕ ਦੀ ਖੁਦਾਈ ਸ਼ੁਰੂ ਕਰਨ ਤੋਂ ਪਹਿਲਾਂ ਗੁਜਰਾਤ ਗੈਸ ਲਿਮਟਿਡ ਨੂੰ ਜੀਜੀਐਲ ਦੇ 24 ⊘ 7 ਐਮਰਜੈਂਸੀ ਨੰਬਰ ÷63599-99023÷ ’ਤੇ ਪਹਿਲਾਂ ਤੋਂ ਸੂਚਿਤ ਕੀਤਾ ਜਾਵੇ। ਇਹ ਜੀਜੀਐਲ ਦੀ ਪਾਈਪਲਾਈਨ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਤੋਂ ਬਚਣ ਅਤੇ ਅੱਗ ਲੱਗਣ ਦੀ ਕਿਸੇ ਵੀ ਘਟਨਾ ਨੂੰ ਰੋਕਣ ਵਿੱਚ ਮਦਦ ਕਰੇਗਾ। ਇਸ ਮੌਕੇ ਵਧੀਕ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਰਵੇਲ ਸਿੰਘ ਰੰਧਾਵਾ, ਇੰਸਪੈਕਟਰ ਵਰਿੰਦਰ ਸਿੰਘ, ਕੰਪਨੀ ਕਮਾਂਡਰ ਪੰਜਾਬ ਹੋਮਗਾਰਡ ਗੁਰਦਾਸਪੁਰ ਸ਼ਰਨਦੀਪ ਸਿੰਘ, ਸਬ ਇੰਸਪੈਕਟਰ ਰਮੇਸ਼ ਕੁਮਾਰ, ਹੈੱਡ ਕਾਂਸਟੇਬਲ ਕਮਲਪ੍ਰੀਤ ਸਿੰਘ ਅਤੇ ਸ਼ਕਤੀ ਪਠਾਨੀਆ ਸਮੇਤ ਸਮੁੱਚੀ ਸਿਵਲ ਡਿਫੈਂਸ ਟੀਮ, ਡਾ. ਗੁਰਪ੍ਰੀਤ ਕੌਰ ਅਤੇ ਡਾ. ਹਰਮਿੰਦਰ ਕੌਰ ਆਦਿ ਮੌਜੂਦ ਸਨ।

**ਸੜਕ ਦੀ ਖੁਦਾਈ ਦੇ ਕੰਮ ਦੌਰਾਨ ਸਟੀਲ ਗੈਸ ਪਾਈਪਲਾਈਨ ਨੂੰ ਹੋਏ ਨੁਕਸਾਨ ਕਾਰਨ ਅੱਗ ਦੀ ਸਥਿਤੀ ’ਤੇ ਕਾਬੂ ਪਾਉਣ ਦੇ ਸਬੰਧ ਵਿੱਚ ਕੀਤੀ ਮੌਕ ਡਰਿੱਲ**



# ਫਿਲੌਰ ਤੋਂ 65 ਮੈਂਬਰਾਂ ਦਾ ਜਥਾ ਵਰਿੰਦਾਵਨ ਧਾਮ ਲਈ ਰਵਾਨਾ

ਫਿਲੌਰ (ਐਸ. ਕੇ. ਸਕਸੈਨਾ) : ਪ੍ਰਾਚੀਨ ਦੇਵੀ ਮੰਦਰ ਫਿਲੌਰ ਤੋਂ ਰਾਧਾਰਮਣ ਟੂਰਜ਼ ਦੇ ਸਹਿਯੋਗ ਨਾਲ 65 ਮੈਂਬਰਾਂ ਦਾ ਧਾਰਮਿਕ ਜਥਾ ਅੱਜ ਵਰਿੰਦਾਵਨ ਧਾਮ ਲਈ ਰਵਾਨਾ ਹੋਇਆ। ਫਿਲੌਰ ਰੇਲਵੇ ਸਟੇਸ਼ਨ ’ਤੇ ਭਗਤੀਮਈ ਮਾਹੌਲ ਵਿਚ ਸੰਗਤ ਵੱਲੋਂ ਰਾਧੇ-ਰਾਧੇ ਅਤੇ ਜੈ ਸ਼੍ਰੀ ਕ੍ਰਿਸ਼ਨਾ ਦੇ ਜੈਕਾਰਿਆਂ ਨਾਲ ਯਾਤਰਾ ਦੀ ਸ਼ੁਰੂਆਤ ਕੀਤੀ ਗਈ। ਯਾਤਰਾ ਦੀ ਅਗਵਾਈ ਅਜੇ ਸ਼ਰਮਾ ਵੱਲੋਂ ਕੀਤੀ ਜਾ ਰਹੀ ਹੈ। ਜਥੇ ਵਿੱਚ ਅਜੇ ਸ਼ਰਮਾ, ਨਿਤੀਸ਼ ਭਾਰਦਵਾਜ, ਆਕ੍ਰਿਤੀ ਉਰਮੀਲਾ ਕੁਮਾਰੀ, ਸੁਮਨ ਗੋਯਲ, ਕ੍ਰਿਪਲ ਸ਼ਰਮਾ, ਮੋਨਿਕਾ ਬੰਸਲ, ਮੀਨਾਕਸ਼ੀ ਸ਼ਰਮਾ, ਪੂਜਾ, ਸੁਸ਼ਮਾ, ਰੀਨਾ ਸੇਠੀ, ਸੁਪ੍ਰਿਆ, ਨੇਹਾ, ਗੋਪਾਲ ਜੀ (ਇੰਗਲੈਂਡ), ਅਨਮੋਲ, ਤਨੀਸ਼, ਸੌਰਵ, ਲਕਸ਼ਯ, ਅੰਸ਼, ਰਾਘਵ, ਬਬੀਤਾ, ਕਰਨ, ਸ਼ਰੁਤੀ ਅਤੇ ਕਮਲੇਸ਼ ਸਮੇਤ ਹੋਰ ਸ਼ਰਧਾਲੂ ਸ਼ਾਮਲ ਹਨ। ਰਵਾਨਗੀ ਤੋਂ ਪਹਿਲਾਂ ਪ੍ਰਾਚੀਨ ਦੇਵੀ ਮੰਦਰ ਵਿਖੇ ਵਿਸ਼ੇਸ਼ ਪੂਜਾ-ਅਰਚਨਾ ਕਰਕੇ ਯਾਤਰੀਆਂ ਦੀ ਸੁਖਮਈ ਯਾਤਰਾ ਲਈ ਅਰਦਾਸ ਕੀਤੀ ਗਈ। ਪਰਿਵਾਰਕ ਮੈਂਬਰਾਂ ਅਤੇ ਸਥਾਨਕ ਸੰਗਤ ਨੇ ਰੇਲਵੇ ਸਟੇਸ਼ਨ ’ਤੇ ਫੁੱਲਮਾਲਾਵਾਂ ਪਾ ਕੇ ਜਥੇ ਨੂੰ ਭਾਵੁਕ ਵਿਦਾਈ ਦਿੱਤੀ। ਜਥਾ ਵਰਿੰਦਾਵਨ ਦੇ ਪ੍ਰਸਿੱਧ ਮੰਦਰਾਂ ਦੇ ਦਰਸ਼ਨ ਕਰਨ ਦੇ ਨਾਲ-ਨਾਲ ਵੱਖ-ਵੱਖ ਧਾਰਮਿਕ ਪ੍ਰੋਗਰਾਮਾਂ ਵਿੱਚ ਭਾਗ ਲਵੇਗਾ। ਸ਼ਰਧਾਲੂਆਂ ਦੇ ਚਿਹਰਿਆਂ ਤੇ ’ਤੇ ਭਗਤੀ ਅਤੇ ਉਤਸ਼ਾਹ ਦੀ ਝਲਕ ਸਾਫ਼ ਨਜ਼ਰ ਆ ਰਹੀ ਸੀ।



# ਸਿੰਘ ਜੀ ਆਲੋਵਾਲ ਤੋਂ ਪਾਲਕੀ ਸਾਹਿਬ ਸਮੇਤ ਸੰਗਤਾਂ ਦਾ ਵਿਸ਼ਾਲ ਜਥਾ ਰਵਾਨਾ

ਫਿਲੌਰ (ਮਨਦੀਪ ਕੌਰ)-ਹੋਲੇ ਮਹੱਲੇ ਦੇ ਪਾਵਨ ਤਿਉਹਾਰ ਨੂੰ ਸਮਰਪਿਤ ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਬਾਬਾ ਜਰਨੈਲ ਸਿੰਘ ਜੀ ਨੰਗਲ ਬੇਟ ਆਲੋਵਾਲ ਫਿਲੌਰ ਤੋਂ ਅੱਜ ਪਾਲਕੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਸੰਗਤਾਂ ਦਾ ਵਿਸ਼ਾਲ ਜਥਾ ਬੱਸਾਂ ਰਾਹੀਂ ਡੇਰਾ ਬਾਬਾ ਵਡਭਾਗ ਸਿੰਘ (ਹਿਮਾਚਲ ਪ੍ਰਦੇਸ਼) ਵੱਲ ਰਵਾਨਾ ਹੋਇਆ। ਰਵਾਨਗੀ ਤੋਂ ਪਹਿਲਾਂ ਅਰਦਾਸ ਕੀਤੀ ਗਈ ਅਤੇ ਸੰਗਤਾਂ ਨੇ ਜੋਸ਼ ਅਤੇ ਭਗਤੀ ਭਾਵ ਨਾਲ “ਬੋਲੇ ਸੋ ਨਿਹਾਲ”ਦੇ ਜੈਕਾਰੇ ਲਗਾਏ। ਇਸ ਮੌਕੇ ਮੁਖ ਸੇਵਾਦਾਰ ਬਾਬਾ ਸੁਖਵਿੰਦਰ ਸਿੰਘ ਜੀ ਨੇ ਦੱਸਿਆ ਕਿ 27 ਫਰਵਰੀ ਤੋਂ 5 ਮਾਰਚ ਤੱਕ ਅਖੰਡ ਪਾਠਾਂ ਦੀ ਲੜੀ ਅਤੇ ਕੀਰਤਨ ਦਰਬਾਰ ਸਜਾਏ ਜਾਣਗੇ। ਨਾਲ ਹੀ, ਆਉਣ ਵਾਲੀਆਂ ਸੰਗਤਾਂ ਲਈ ਵਿਸ਼ਾਲ ਲੰਗਰ ਦੀ ਸੇਵਾ ਨਿਰੰਤਰ ਚੱਲੇਗੀ। ਉਨ੍ਹਾਂ ਕਿਹਾ ਕਿ ਕਈ ਦਿਨਾਂ ਤੋਂ ਲੰਗਰ ਲਈ ਰਾਸ਼ਨ ਅਤੇ ਹੋਰ ਸਮੱਗਰੀ ਭੇਜੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤਿੰਨ ਲੱਖ ਤੋਂ ਵੱਧ ਸੰਗਤਾਂ ਲਈ ਲੰਗਰ ਸੇਵਾ ਦੀ ਵਿਸ਼ੇਸ਼ ਤਿਆਰੀ ਕੀਤੀ ਗਈ ਹੈ। ਸੇਵਾਦਾਰ ਨਿਸ਼ਕਾਮ ਭਾਵਨਾ ਨਾਲ ਆਪਣੀ ਸੇਵਾ ਨਿਭਾ ਰਹੇ ਹਨ। ਬਾਬਾ ਜੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਗੁਰ ਘਰ ਦੀਆਂ ਖੁਸੀਆਂ ਪਾਪਤ ਕਰਨ।

# ‘ਮਾਂ ਬੋਲੀ ਦੇ ਮਹਿਕਦੇ ਅਲਫਾਜ਼’ ਬੜੇ ਉਤਸ਼ਾਹ ਅਤੇ ਰੂਹਾਨੀ ਜੋਸ਼ ਨਾਲ ਮਨਾਇਆ

## ਡੀ ਆਰ ਵੀ ਡੀ ਏ ਵੀ ਸੈਂਟਨਰੀ ਪਵਲਿਕ ਸਕੂਲ, ਫਿਲੌਰ ਦਾ ਉਪਰਾਲਾ

ਫਿਲੌਰ (ਏਜੰਸੀ)- ਡੀ ਆਰ ਵੀ ਡੀ ਏ ਵੀ ਸੈਂਟਨਰੀ ਪਵਲਿਕ ਸਕੂਲ ,ਫਿਲੌਰ ਵਿਖੇ 21 ਫਰਵਰੀ 2026 ਨੂੰ ਸਕੂਲ ਦੇ ਪੰਜਾਬੀ ਸਾਹਿਤਕ ਕਲੱਬ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਗਿਆ।“ਸਾਡੀ ਬੋਲੀ-ਸਾਡੀ ਪਹਿਚਾਣ”ਦੇ ਨਾਰੇ ਹੇਠ ਆਯੋਜਿਤ ਇਸ ਸਮਾਗਮ ਵਿੱਚ ਪਹਿਲੀ ਤੋਂ ਦਸਵੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਫਤਾਵਾਰੀ ਪ੍ਰੋਗਰਾਮਾਂ ਰਾਹੀਂ ਭਾਗ ਲਿਆ ਅਤੇ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਪਿਆਰ ਪ੍ਰਗਟਾਇਆ। ਇਸ ਮੌਕੇ ਕੈਲੀਗ੍ਰਾਫੀ, ਕਵਿਤਾ ਉਚਾਰਨ, ਪੰਜਾਬੀ ਪ੍ਰਸ਼ਨੋਤਰੀ ਮੁਕਾਬਲਾ, ਪੁਰਾਤਨ ਭੁੱਲੇ-ਵਿਸਰੇ ਸ਼ਬਦਾਂ ਦੇ ਅਰਥ ਸ਼ਬਦਕੋਸ਼ ਮੁਕਾਬਲਾ , ਸਾਹਿਤਕ ਪੋਡਕਾਸਟ , ਸਲੋਗਨ ਲਿਖਤ ਅਤੇ ਮਾਂ ਬੋਲੀ ਦੇ ਵਿਕਾਸ ਬਾਰੇ ਡਾਕੂਮੈਂਟਰੀ ਪ੍ਰਦਰਸ਼ਿਤ ਕੀਤੀ ਗਈ। ਸਟੇਜ ਦੀ ਸਜਾਵਟ ਬਹੁਤ ਹੀ ਆਕਰਸ਼ਕ ਅਤੇ ਸੱਭਿਆਚਾਰਕ ਰੰਗਾਂ ਨਾਲ ਭਰਪੂਰ ਸੀ, ਜਿਸ ਵਿੱਚ ਬੰਗਾਲ ਦੇ 21 ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ ਜਿਨ੍ਹਾਂ ਨੇ ਮਾਂ ਬੋਲੀ ਦੇ ਅਧਿਕਾਰ ਲਈ ਆਪਣੀਆਂ ਕੁਰਬਾਨੀਆਂ ਦਿੱਤੀਆਂ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਨੁੱਕੜ ਨਾਟਕ ਨੇ ਮਾਂ ਬੋਲੀ ਪੰਜਾਬੀ ਲਈ ਅਵਾਜ਼ ਬੁਲੰਦ









ਕੀਤੀ, ਜਦਕਿ ਗੁਰਮੁਖੀ ਵਰਨਮਾਲਾ ਉੱਤੇ ਆਧਾਰਿਤ ਕੋਰੀਓਗ੍ਰਾਫੀ “ਮੈਂ ਗੁਰਮੁਖੀ ਦਾ ਬੇਟਾ”ਨੇ ਸਭ ਨੂੰ ਮੋਹ ਲਿਆ। ਸੁਹਾਗ, ਘੋੜੀਆਂ, ਟੱਪੇ ਅਤੇ ਲੋਕ-ਗੀਤਾਂ ਰਾਹੀਂ ਪੰਜਾਬੀ ਸਭਿਆਚਾਰ ਦੀ ਖੂਬਸੂਰਤੀ ਨੂੰ ਜੀਵੰਤ ਕੀਤਾ ਗਿਆ ਅਤੇ ਸਮਾਗਮ ਦੇ ਅੰਤ ਵਿੱਚ ਭੰਗੜੇ ਦੀ ਰੰਗੀਨ ਪੇਸ਼ਕਾਰੀ ਨਾਲ ਸਾਰਾ ਸਕੂਲ ਪੰਜਾਬੀ ਰੰਗ ਵਿੱਚ ਰੰਗਿਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਜੀ ਨੇ ਵਿਦਿਆਰਥੀਆਂ ਨੂੰ ਮਾਂ ਬੋਲੀ ਦਿਵਸ ਦੀ ਵਧਾਈ ਦਿੰਦਿਆਂ ਪੰਜਾਬੀ ਭਾਸ਼ਾ ਦਾ ਸਤਿਕਾਰ ਕਰਨ ਅਤੇ ਆਪਣੇ ਵਿਰਸੇ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ। ਇਹ ਸਮਾਗਮ ਮਾਂ ਬੋਲੀ ਪ੍ਰਤੀ ਸਨਮਾਨ, ਮਾਣ ਅਤੇ ਸੰਸਕਾਰਾਂ ਦੀ ਅਮਿੱਟ ਛਾਪ ਛੱਡ ਗਿਆ।

## ਤਸਵੀਰ ਦੀ ਜ਼ੁਬਾਨੀ



ਪਿੰਡ ਸੈਫਾਬਾਦ ( ਫਿਲੌਰ) ਵਿੱਖੇ ਇੱਛਾਧਾਰੀ ਮੰਦਿਰ ਚ ਸ਼੍ਰੀ ਮਤੀ ਨੀਰਜ ਬਾਲਾ ਅਤੇ ਸ਼੍ਰੀ ਸੁਮੰਨ ਸ਼ਰਮਾ ਦੀ ਅਗਵਾਈ ਵਿੱਚ ਸ਼ਿਵਰਾਤਰੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।

# ਭਾਰਤ-ਇਜ਼ਰਾਈਲ ਵਿਚਾਲੇ ਛੇਤੀ ਹੋਵੇਗਾ ਮੁਕਤ ਵਪਾਰ ਸਮਝੌਤਾ

## ਮੋਦੀ ਤੇ ਨੇਤਨਯਾਹੂ ਨੇ ਜਤਾਈ ਸਹਿਮਤੀ

ਯਰੂਸ਼ਲਮ (ਏਜੰਸੀ)-ਭਾਰਤ ਤੇ ਇਜ਼ਰਾਈਲ ਨੇ ਵੀਰਵਾਰ ਨੂੰ ਆਪਣੇ ‘ਹੰਢੇ ਵਰਤੇ’ ਰਿਸ਼ਤੇ ਨੂੰ ਵਿਸ਼ੇਸ਼ ਰਣਨੀਤਕ ਭਾਈਵਾਲੀ ਦੀ ਬੁਲੰਦੀ ’ਤੇ ਲਿਜਾਂਦਿਆਂ ਦੋਵਾਂ ਮੁਲਕਾਂ ਲਈ ‘ਪਰਸਪਰ ਲਾਹੇਵੰਦ’ ਮੁਕਤ ਵਪਾਰ ਸਮਝੌਤੇ ਨੂੰ ਜਲਦੀ ਅੰਤਿਮ ਰੂਪ ਦੇਣ ਦੀ ਸਹਿਮਤੀ ਦਿੱਤੀ ਹੈ। ਮੋਦੀ ਨੇ ਗਾਜ਼ਾ ਸ਼ਾਂਤੀ ਪਹਿਲਕਦਮੀ ਦੀ ਜ਼ੋਰਦਾਰ ਵਕਾਲਤ ਕੀਤੀ ਤੇ ਕਿਹਾ ਕਿ ਮਨੁੱਖਤਾ ਨੂੰ ਕਦੇ ਵੀ ਟਕਰਾਅ ਦਾ ਸ਼ਿਕਾਰ ਨਹੀਂ ਬਣਾਇਆ ਜਾਣਾ ਚਾਹੀਦਾ। ਦੋਵਾਂ ਮੁਲਕਾਂ ਨੇ ਮਸਨੂਈ ਬੌਧਿਕਤਾ, ਸਾਈਬਰ ਸੁਰੱਖਿਆ, ਸਿੱਖਿਆ, ਇਨੋਵੇਸ਼ਨ, ਖੇਤੀ, ਸਮੁੰਦਰੀ ਵਿਰਾਸਤ, ਵਣਜ ਤੇ ਹੋਰਨਾਂ ਖੇਤਰਾਂ ਵਿੱਚ ਕਈ ਸਮਝੌਤੇ ਸਹੀਬੰਦ ਕੀਤੇ। ਸਮਝੌਤਿਆਂ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਦੀ ਮੌਜੂਦਗੀ ਵਿੱਚ ਦੋਵਾਂ ਮੁਲਕਾਂ ਦੇ ਸਬੰਧਤ ਮੰਤਰੀਆਂ ਨੇ ਸਹੀ ਪਾਈ। ਦੋਵਾਂ ਦੇਸ਼ਾਂ ਨੇ ਭਾਰਤ ਦੇ ਐੱਨ ਪੀ ਸੀ ਆਈ ਅਤੇ ਇਜ਼ਰਾਈਲ ਦੇ ਮਸਾਵ ਦਰਮਿਆਨ ਯੂ ਪੀ ਆਈ ਸਿਸਟਮਾਂ ਨੂੰ ਲਿੰਕ ਕਰਨ ਲਈ ਵੀ ਸਮਝੌਤਾ ਕੀਤਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨਾਲ ਵੱਖ-ਵੱਖ ਮੁੱਦਿਆਂ ’ਤੇ ਗੱਲਬਾਤ ਕੀਤੀ, ਜੋ ਰੱਖਿਆ ਤੇ ਸੁਰੱਖਿਆ, ਵਪਾਰ, ਤਕਨਾਲੋਜੀ ਤੇ ਖੇਤੀ ਦੇ ਖੇਤਰਾਂ ਵਿੱਚ ਦੁਵੱਲੇ ਰਿਸ਼ਤਿਆਂ ਨੂੰ ਹੁਲਾਰਾ ਦੇਣ ’ਤੇ ਕੇਂਦਰਤ ਸੀ। ਦੋਵਾਂ ਧਿਰਾਂ ਨੇ ਮੱਧ ਪੂਰਬ ਦੇ ਮੌਜੂਦਾ ਹਾਲਾਤ ਬਾਰੇ ਵਿਚਾਰ ਵਟਾਂਦਰੇ ਸਣੇ ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਗਲਿਆਰਾ (ਆਈ ਐੱਮ ਈ ਸੀ) ਤੇ ਆਈ 2 ਯੂ 2 (ਭਾਰਤ-ਇਜ਼ਰਾਈਲ-ਯੂ ਏ ਈ-ਅਮਰੀਕਾ) ਚੌਖਟੇ ਤਹਿਤ ਸਹਿਯੋਗ ਨੂੰ ਅਮਲੀ ਰੂਪ ਦੇਣ ਬਾਰੇ ਵੀ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਇਜ਼ਰਾਇਲੀ ਰਾਸ਼ਟਰਪਤੀ ਇਸਾਕ ਹਰਜ਼ੋਗ ਨੂੰ ਵੀ ਮਿਲੇ। ਦੋਵਾਂ ਆਗੂਆਂ ਨੇ ਸਿੱਖਿਆ, ਸਟਾਰਟਅੱਪਸ, ਨਵੀਨਤਾ, ਤਕਨਾਲੋਜੀ ਅਤੇ ਕੁਨੈਕਟੀਵਿਟੀ ਵਿੱਚ ਸਹਿਯੋਗ ਨੂੰ ਵਧਾਉਣ ਦੇ ਢੰਗ ਤਰੀਕਿਆਂ ਦੀ ਪੜਚੋਲ ਕੀਤੀ। ਸ੍ਰੀ ਮੋਦੀ ਨੇ ਪ੍ਰੈਜ਼ੀਡੈਂਸ਼ੀਅਲ ਗਾਰਡਨ ਵਿੱਚ ‘ਏਕ ਪੇੜ ਮਾਂ ਕੇ ਨਾਮ’ ਪਹਿਲਕਦਮੀ ਤਹਿਤ ਬੂਟਾ ਵੀ ਲਾਇਆ।



# ‘ਕੇਰਲ’ ਹੁਣ ਬਣਿਆ ‘ਕੇਰਲਮ’

## ਕੀਤ ਹੈ ਇੱਕ ਇਤਿਹਾਸਕ ਬਦਲਾਅ ਦੇ ਪਿੱਛੇ ਦੀ ਪੂਰੀ ਕਹਾਣੀ ?

ਭਾਰਤੀ ਨਕਸ਼ੇ ’ਤੇ ’ਈਸ਼ਵਰ ਦੇ ਆਪਣੇ ਦੇਸ਼’ ਦੇ ਨਾਮ ਨਾਲ ਮਸ਼ਹੂਰ ਰਾਜ ’ਕੇਰਲ’ ਹੁਣ ਇੱਕ ਨਵੀਂ ਅਧਿਕਾਰਤ ਪਛਾਣ ਦੇ ਨਾਲ ਦੁਨੀਆ ਦੇ ਸਾਹਮਣੇ ਹੋਵੇਗਾ। 24 ਫਰਵਰੀ, 2026 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਨੇ ਰਾਜ ਦਾ ਨਾਮ ਬਦਲ ਕੇ ’ਕੇਰਲਮ’ ਕਰਨ ਦੇ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਫੈਸਲਾ ਭਾਸ਼ਾਈ ਗੌਰਵ, ਇਤਿਹਾਸਕ ਜੜ੍ਹਾਂ ਅਤੇ ਖੇਤਰੀ ਪਛਾਣ ਦੇ ਸੰਗਮ ਦਾ ਪ੍ਰਤੀਕ ਹੈ।

**ਕੇਰਲ ਅਤੇ ਕੇਰਲਮ ਦਾ ਭਾਸ਼ਾਈ ਟਕਰਾਅ: ਆਖਿਰ ਕੀ ਹੈ ਫਰਕ ?**

ਮਲਿਆਲਮ ਪਛਾਣ: ਮਲਿਆਲਮ ਭਾਸ਼ਾ ਵਿੱਚ ਰਾਜ ਨੂੰ ਹਮੇਸ਼ਾ ਤੋਂ ’ਕੇਰਲਮ’ ਹੀ ਕਿਹਾ ਜਾਂਦਾ ਰਿਹਾ ਹੈ। ’ਕੇਰਲ’ ਸ਼ਬਦ ਮੁੱਖ ਤੌਰ ’ਤੇ ਅੰਗਰੇਜ਼ੀ ਅਤੇ ਬਸਤੀਵਾਦੀ ਸ਼ਾਸਕਾਂ ਦੀ ਸਹੂਲਤ ਕਾਰਨ ਪ੍ਰਚਲਨ ਵਿੱਚ ਆਇਆ ਸੀ। ਮਲਿਆਲਮ ਵਿੱਚ ’ਕੇਰਾ’ ਦਾ ਅਰਥ ਹੈ ਨਾਰੀਅਲ ਅਤੇ ’ਆਲਮ’ ਦਾ ਅਰਥ ਹੈ ਭੂਮੀ। ਇਸ ਤਰ੍ਹਾਂ ’ਕੇਰਲਮ’ ਦਾ ਸ਼ਾਬਦਿਕ ਅਰਥ ਹੈ ’ਨਾਰੀਅਲ ਦੇ ਦਰੱਖਤਾਂ ਦੀ ਭੂਮੀ’।

ਰਾਜ ਸਰਕਾਰ ਚਾਹੁੰਦੀ ਹੈ ਕਿ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਸ਼ਾਮਲ ਸਾਰੀਆਂ 22 ਅਧਿਕਾਰਤ ਭਾਸ਼ਾਵਾਂ ਵਿੱਚ ਰਾਜ ਦੀ ਪਛਾਣ ’ਕੇਰਲਮ’ ਵਜੋਂ ਹੀ ਸਥਾਪਿਤ ਹੋਵੇ।

**ਇਤਿਹਾਸਕ ਸਬੂਤ: 2200 ਸਾਲ ਪੁਰਾਣੀਆਂ ਜੜ੍ਹਾਂ ਦੀ ਤਲਾਸ਼**

ਇਤਿਹਾਸਕ ਤੌਰ ’ਤੇ ਕੇਰਲ ਦਾ ਸਭ ਤੋਂ ਪੁਰਾਣਾ ਲਿਖਤੀ ਹਵਾਲਾ ਸਮਰਾਟ ਅਸ਼ੋਕ ਦੇ 257 ਈਸਵੀ ਪੂਰਵ ਦੇ ’ਸ਼ਿਲਾਲੇਖ 99’ ਵਿੱਚ ਮਿਲਦਾ ਹੈ। ਇਸ ਵਿੱਚ ਇਸ ਖੇਤਰ ਦੇ ਸ਼ਾਸਕ ਨੂੰ ’ਕੇਰਲਪੁਤਰ’ ਕਿਹਾ ਗਿਆ ਹੈ। ਮੱਧਕਾਲੀ ਇਤਿਹਾਸ ਵਿੱਚ ਚੇਰਾ ਰਾਜਵੰਸ਼ ਦੇ ਸ਼ਾਸਨਕਾਲ ਦੌਰਾਨ ਵੀ ਇਸ ਖੇਤਰ ਨੂੰ ’ਚੇਰਾ-ਆਲਮ’ ਜਾਂ ’ਕੇਰਲਮ’ ਵਜੋਂ ਦਰਸਾਇਆ ਗਿਆ ਸੀ।

ਵਿਧਾਨ ਸਭਾ ਤੋਂ ਕੈਬਨਿਟ ਤੱਕ ਦਾ ਸਫ਼ਰ-ਅਗਸਤ 2023 ਵਿਚ ਕੇਰਲ ਵਿਧਾਨ ਸਭਾ ਨੇ ਪਹਿਲੀ ਵਾਰ ਪ੍ਰਸਤਾਵ ਭੇਜਿਆ ਸੀ, ਪਰ ਕੇਂਦਰ ਨੇ ਤਕਨੀਕੀ ਸੁਧਾਰਾਂ ਲਈ ਇਸ ਨੂੰ ਵਾਪਸ ਭੇਜ ਦਿੱਤਾ। ਫਿਰ 24 ਜੂਨ, 2024 ਨੂੰ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਸੋਧਿਆ ਹੋਇਆ ਪ੍ਰਸਤਾਵ ਪਾਸ ਕੀਤਾ ਅਤੇ 24 ਫਰਵਰੀ, 2026 ਨੂੰ ਮੋਦੀ ਸਰਕਾਰ ਨੇ ਕੈਬਨਿਟ ਮੀਟਿੰਗ ਵਿੱਚ ਇਸਨੂੰ ਅੰਤਿਮ ਮਨਜ਼ੂਰੀ ਦਿੱਤੀ।




ਪ੍ਰਸ਼ਾਸਨਿਕ ਅਤੇ ਵਿੱਤੀ ਪ੍ਰਭਾਵ: ਕੀ-ਕੀ ਬਦਲੇਗਾ ?

ਮਾਹਿਰਾਂ ਅਨੁਸਾਰ ਸਾਰੇ ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਸਾਈਨਬੋਰਡਾਂ ਅਤੇ ਡਿਜੀਟਲ ਰਿਕਾਰਡਾਂ ਨੂੰ ਅਪਡੇਟ ਕਰਨ ਵਿੱਚ 300 ਤੋਂ 500 ਕਰੋੜ ਰੁਪਏ ਤੱਕ ਦਾ ਖਰਚਾ ਆ ਸਕਦਾ ਹੈ। ਵਿਦੇਸ਼ ਮੰਤਰਾਲੇ ਨੂੰ ਭਾਰਤੀ ਪਾਸਪੋਰਟ ਦੇ ਡੇਟਾਬੇਸ ਵਿੱਚ ਬਦਲਾਅ ਕਰਨਾ ਹੋਵੇਗਾ। ਹੁਣ ਨਵੇਂ ਜਾਰੀ ਹੋਣ ਵਾਲੇ ਪਾਸਪੋਰਟਾਂ ’ਤੇ Keralam ਦਰਜ ਹੋਵੇਗਾ।

**ਰਾਜਾਂ ਦੇ ਨਾਮ ਬਦਲਣ ਦਾ ਇਤਿਹਾਸ**

- ਉੱਤਰ ਪ੍ਰਦੇਸ਼ (1950): ’ਸੰਯੁਕਤ ਪ੍ਰਾਂਤ’ ਤੋਂ ਬਦਲਿਆ ਗਿਆ।
- ਤਾਮਿਲਨਾਡੂ (1969): ’ਮਦਰਾਸ ਰਾਜ’ ਤੋਂ ਬਦਲਿਆ ਗਿਆ।
- ਕਰਨਾਟਕ (1973): ’ਮੈਸੂਰ ਰਾਜ’ ਤੋਂ ਬਦਲਿਆ ਗਿਆ।
- ਉੱਤਰਾਖੰਡ (2007): ’ਉੱਤਰਾਂਚਲ’ ਤੋਂ ਬਦਲਿਆ ਗਿਆ।
- ਓਡੀਸ਼ਾ (2011): ’ਉੜੀਸਾ’ ਤੋਂ ਬਦਲਿਆ ਗਿਆ।

ਮੁੱਖ ਮੰਤਰੀ ਪਿਨਰਈ ਵਿਜਯਨ ਨੇ ਇਸ ਨੂੰ ਰਾਜ ਦੇ ਇਤਿਹਾਸ ਦਾ ਇੱਕ ਗੌਰਵਮਈ ਪਲ ਦੱਸਿਆ ਹੈ ਅਤੇ ਵਿਰੋਧੀ ਧਿਰ (”46) ਨੇ ਵੀ ਇਸ ਪ੍ਰਸਤਾਵ ਦਾ ਸਮਰਥਨ ਕੀਤਾ ਹੈ।

# ਬਦਲਦੇ ਦੌਰ ਵਿੱਚ ਰਿਸ਼ਤਿਆਂ ਦੇ ਮਾਇਨੇ ‘.ਫਕਰ’ ਤੋਂ ‘ਉਮੀਦਾਂ’ ਤੱਕ ਦਾ ਸ.ਫਰ

## ਕੀ ਤੋਹਫ਼ਿਆਂ ਨਾਲ ਹੀ ਮਿਣਿਆ ਜਾਵੇਗਾ ਹੁਣ ਰਿਸ਼ਤਿਆਂ ਦਾ ਪਿਆਰ ?

ਸਮਾਂ ਕਦੇ ਵੀ ਇੱਕ ਥਾਂ ’ਤੇ ਨਹੀਂ ਖੜ੍ਹਦਾ। ਇਹ ਆਪਣੇ ਵਹਿਣ ਵਿੱਚ ਚੱਲਦਾ ਰਹਿੰਦਾ ਹੈ ਅਤੇ ਆਪਣੇ ਨਾਲ-ਨਾਲ ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਦਲਦਾ ਜਾਂਦਾ ਹੈ। ਅਕਸਰ ਅਸੀਂ ਕਹਿੰਦੇ ਹਾਂ ਕਿ ਜ਼ਮਾਨਾ ਬਦਲ ਗਿਆ ਹੈ, ਲੋਕਾਂ ਦਾ ਰਹਿਣ-ਸਹਿਣ ਬਦਲ ਗਿਆ ਹੈ, ਪਰ ਜੇਕਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਸਿਰਫ਼ ਬਾਹਰੀ ਦਿਖਾਵਾ ਹੀ ਨਹੀਂ, ਸਗੋਂ ਸਾਡੇ ਅੰਦਰੂਨੀ ਜਜ਼ਬਾਤ, ਰਿਸ਼ਤਿਆਂ ਦੀ ਤਾਸੀਰ ਅਤੇ ਸਾਡਾ ਸੁਭਾਅ ਵੀ ਬਦਲ ਚੁੱਕਾ ਹੈ। ਖਾਸ ਤੌਰ ’ਤੇ ਇੱਕ ਔਰਤ, ਜੋ ਕਿ ਘਰ ਦੀ ਧੁਰੀ ਹੁੰਦੀ ਹੈ ਉਸ ਦੀ ’ਮਾਂ’ ਅਤੇ ’ਪਤਨੀ’ ਵਜੋਂ ਭੂਮਿਕਾ ਪਿਛਲੇ ਕੁਝ ਦਹਾਕਿਆਂ ਵਿੱਚ ਜ਼ਮੀਨ-ਆਸਮਾਨ ਦੇ ਫ਼ਰਕ ਨਾਲ ਬਦਲ ਗਈ ਹੈ। ਜੇਕਰ ਅਸੀਂ ਆਪਣੀਆਂ ਮਾਵਾਂ, ਦਾਦੀਆਂ ਜਾਂ ਨਾਨੀਆਂ ਦੇ ਸਮੇਂ ਵੱਲ ਝਾਤ ਮਾਰੀਏ, ਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਕੇਂਦਰ ਬਿੰਦੂ ਖੁਦ ਉਹ ਨਹੀਂ, ਸਗੋਂ ਉਨ੍ਹਾਂ ਦਾ ਪਰਿਵਾਰ ਅਤੇ ਬੱਚੇ ਹੁੰਦੇ ਸਨ। ਉਸ ਸਮੇਂ ਦੀਆਂ ਔਰਤਾਂ ਦੀ ਸੋਚ ਬਹੁਤ ਸਾਦੀ ਅਤੇ ਸਪੱਸ਼ਟ ਹੁੰਦੀ ਸੀ। ਉਨ੍ਹਾਂ ਦੇ ਮਨ ਵਿੱਚ ਹਮੇਸ਼ਾ ਇੱਕ ਅਜੀਬ ਜਿਹਾ ’ਫ਼ਿਕਰ’ ਰਹਿੰਦਾ ਸੀ। ਇਹ ਫ਼ਿਕਰ ਆਪਣੇ ਲਈ ਨਹੀਂ ਸੀ, ਸਗੋਂ ਇਸ ਗੱਲ ਦਾ ਸੀ ਕਿ ਸਾਡੇ ਨਿਆਣੇ ਪੜ੍ਹ ਜਾਣ, ਉਹ ਜ਼ਿੰਦਗੀ ਵਿੱਚ ਕੁਝ ਬਣ ਜਾਣ ਅਤੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਉਸ ਦੌਰ ਦੀਆਂ ਔਰਤਾਂ ਲਈ ਪਤੀ-ਪਤਨੀ ਦਾ ਰਿਸ਼ਤਾ ਸਾਂਝ ਅਤੇ ਸਤਿਕਾਰ ਦਾ ਹੁੰਦਾ ਸੀ, ਨਾ ਕਿ ਲੈਣ-ਦੇਣ ਦਾ। ਉਨ੍ਹਾਂ ਨੂੰ ਕਦੇ ਇਹ ਚਿੰਤਾ ਨਹੀਂ ਸਤਾਉਂਦੀ ਸੀ ਕਿ ਉਨ੍ਹਾਂ ਦੇ ਪਤੀ ਨੇ ਉਨ੍ਹਾਂ ਨੂੰ ਵਿਆਹ ਦੀ ਵਰ੍ਹੇਗੰਢ (Anniversary) ’ਤੇ ਕੀ ਤੋਹਫ਼ਾ ਦਿੱਤਾ ਹੈ। ਕਈ ਵਾਰ ਤਾਂ ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਹੁੰਦਾ ਸੀ ਕਿ ਅੱਜ ਉਨ੍ਹਾਂ ਦਾ ਜਨਮਦਿਨ ਹੈ ਅਤੇ ਨਾ ਹੀ ਪਤੀ ਵੱਲੋਂ ਵਿਸ਼ ਨਾ ਕਰਨ ’ਤੇ ਕੋਈ ਕਲੇਸ਼ ਹੁੰਦਾ ਸੀ। ਉਨ੍ਹਾਂ ਦਾ ਪਿਆਰ ਖਾਮੋਸ਼ ਜ਼ਰੂਰ ਸੀ, ਸ਼ਬਦਾਂ ਵਿੱਚ ਬਿਆਨ ਨਹੀਂ ਸੀ ਹੁੰਦਾ, ਪਰ ਉਹ ਨਿਸਵਾਰਥ ਸੀ। ਉਨ੍ਹਾਂ ਦੀਆਂ ਉਮੀਦਾਂ ਬਹੁਤ ਘੱਟ ਸਨ, ਪਰ ਪਰਿਵਾਰ ਲਈ ’ਫ਼ਿਕਰ’ ਦਾ ਪੱਧਰ ਬਹੁਤ ਉੱਚਾ ਸੀ। ਸਬਰ ਅਤੇ ਸੰਤੋਖ ਉਨ੍ਹਾਂ ਦੇ ਗਹਿਣੇ ਸਨ। ਅੱਜ ਦੇ ਸਮੇਂ ਵਿੱਚ ਤਸਵੀਰ ਬਿਲਕੁਲ ਉਲਟ ਹੋ ਗਈ ਹੈ। ਅਜੋਕੀ ਔਰਤ ਜਾਂ ਨਵੀਂ ਪੀੜ੍ਹੀ ਦੀ ਸੋਚ ਵਿੱਚ ਇੱਕ ਵੱਡੀ ਤਬਦੀਲੀ ਆਈ ਹੈ। ਅੱਜ ਅਸੀਂ ਫ਼ਿਕਰ ਘੱਟ ਕਰਨਾ ਚਾਹੁੰਦੇ ਹਾਂ ਪਰ ਦੂਜਿਆਂ ਤੋਂ ਉਮੀਦਾਂ ਬਹੁਤ ਜ਼ਿਆਦਾ ਪਾਲ ਲੈਂਦੇ ਹਾਂ। ਰਿਸ਼ਤਿਆਂ ਵਿੱਚ ਪਿਆਰ ਮਾਪਣ ਦਾ ਪੈਮਾਨਾ ਬਦਲ ਗਿਆ ਹੈ। ਅੱਜ ਇੱਕ ਪਤਨੀ ਨੂੰ ਆਪਣੇ ਪਤੀ ਤੋਂ ਇਹ ਉਮੀਦ ਰਹਿੰਦੀ ਹੈ ਕਿ ਖਾਸ ਮੌਕਿਆਂ ’ਤੇ ਉਸਨੂੰ ਸਿਰਫ਼ ਯਾਦ ਹੀ ਨਾ ਕੀਤਾ ਜਾਵੇ, ਸਗੋਂ ਕੁਝ ਖਾਸ ਮਹਿਸੂਸ ਕਰਵਾਇਆ ਜਾਵੇ। ਅੱਜ ਘਰਾਂ ਵਿੱਚ ਅਕਸਰ ਇਹ ਸਵਾਲ ਸੁਣਨ ਨੂੰ ਮਿਲਦੇ ਹਨ ਕਿ ਇਸ ਵਾਰ ਜਨਮਦਿਨ ਕਿਵੇਂ ਮਨਾਉਣਾ ਹੈ? , ਪਿਛਲੇ ਇੱਕ ਸਾਲ ਤੋਂ ਤੁਸੀਂ ਮੈਨੂੰ ਕੋਈ ਢੰਗ ਦਾ ਗਿਫਟ ਨਹੀਂ ਦਿੱਤਾ , ਜਾਂ ਮੇਰੀ ਐਨੀਵਰਸਰੀ ’ਤੇ ਮੇਰੇ ਲਈ ਕੀ ਸਰਪ੍ਰਾਈਜ਼ ਪਲੈਨ ਕੀਤਾ ਹੈ? । ਇਹ ਗੱਲ ਸਹੀ ਹੈ ਕਿ ਪਿਆਰ ਦਾ ਇਜ਼ਹਾਰ ਬਹੁਤ ਜ਼ਰੂਰੀ ਹੈ। ਜੇਕਰ ਕੋਈ ਇਨਸਾਨ ਬੋਲ ਕੇ ਜਾਂ ਆਪਣੇ ਕੰਮਾਂ ਰਾਹੀਂ ਪਿਆਰ ਨਾ ਜਤਾਵੇ, ਤਾਂ ਸਾਥੀ ਨੂੰ ਅਣਗੌਲਿਆ ਮਹਿਸੂਸ ਹੋ ਸਕਦਾ ਹੈ। ਅੱਜ ਦੀ ਭੱਜ-ਨੱਠ ਵਾਲੀ ਜ਼ਿੰਦਗੀ ਵਿੱਚ ਦੋ ਪਲ ਪਿਆਰ ਦੇ ਸਾਂਝੇ ਕਰਨੇ ਗਲਤ ਨਹੀਂ ਹਨ। ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਹ ਚੀਜ਼ਾਂ ਖੁਸ਼ੀ ਦਾ ਸਾਧਨ ਬਣਨ ਦੀ ਬਜਾਏ, ਰਿਸ਼ਤੇ ਦੀ ਬੁਨਿਆਦ ਅਤੇ ਸ਼ਰਤ ਬਣ ਜਾਂਦੀਆਂ ਹਨ। ਅਸੀਂ ਅਣਜਾਣੇ ਵਿੱਚ ਹੀ ਛੋਟੀਆਂ-ਛੋਟੀਆਂ



ਚੀਜ਼ਾਂ ਨੂੰ ਬਹੁਤ ਵੱਡਾ ਬਣਾ ਲਿਆ ਹੈ। ਸਾਨੂੰ ਇਹ ਲੱਗਣ ਲੱਗ ਪਿਆ ਹੈ ਕਿ ਰਿਸ਼ਤਾ ਸਿਰਫ਼ ਉਦੋਂ ਤੱਕ ਹੀ ਕਾਇਮ ਹੈ ਅਤੇ ਸਫਲ ਹੈ, ਜਦੋਂ ਤੱਕ ਸਾਡੀਆਂ ਇਹ ਨਿੱਜੀ ਮੰਗਾਂ ਅਤੇ ਉਮੀਦਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਪੁਰਾਣੀਆਂ ਮਾਵਾਂ ਸਬਰ ਦੀ ਮੂਰਤ ਸਨ, ਜਦਕਿ ਅੱਜ ਅਸੀਂ ਦਿਖਾਵੇ ਅਤੇ ਪਦਾਰਥਕ ਖੁਸ਼ੀਆਂ ਵਿੱਚ ਉਲਝ ਗਏ ਹਾਂ। ਸੋਸ਼ਲ ਮੀਡੀਆ ਨੇ ਇਸ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ ਹੈ, ਜਿੱਥੇ ਦੂਜਿਆਂ ਦੀਆਂ ਫੋਟੋਆਂ ਦੇਖ ਕੇ ਅਸੀਂ ਆਪਣੀ ਅਸਲ ਜ਼ਿੰਦਗੀ ਤੋਂ ਅਸੰਤੁਸ਼ਟ ਹੋਣ ਲੱਗ ਪਏ ਹਾਂ। ਅੰਤ ਵਿੱਚ, ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਤੋਹਫ਼ੇ, ਪਾਰਟੀਆਂ ਅਤੇ ਸਰਪ੍ਰਾਈਜ਼ ਜ਼ਿੰਦਗੀ ਦਾ ਇੱਕ ਰੰਗ ਹੋ ਸਕਦੇ ਹਨ, ਪਰ ਇਹ ਜ਼ਿੰਦਗੀ ਦਾ ਮਕਸਦ ਨਹੀਂ ਹੋਣੇ ਚਾਹੀਦੇ। ਰਿਸ਼ਤੇ ਵਸਤੂਆਂ ਨਾਲ ਨਹੀਂ, ਭਾਵਨਾਵਾਂ ਨਾਲ ਸਾਹ ਲੈਂਦੇ ਹਨ। ਸਾਨੂੰ ਪੁਰਾਣੇ ਅਤੇ ਨਵੇਂ ਦੌਰ ਦੇ ਵਿਚਕਾਰ ਇੱਕ ਪੁਲ ਬਣਾਉਣ ਦੀ ਲੋੜ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਬੱਚੇ ਉਹੀ ਸਿੱਖਦੇ ਹਨ ਜੋ ਉਹ ਸਾਨੂੰ ਕਰਦੇ ਦੇਖਦੇ ਹਨ। ਜੇਕਰ ਅਸੀਂ ਰਿਸ਼ਤਿਆਂ ਨੂੰ ਸੋਸ਼ਲ ਮੀਡੀਆ ਦੀ ਚਕਾਚੌਂਧ ਅਤੇ ਮਹਿੰਗੇ ਤੋਹਫ਼ਿਆਂ ਤੱਕ ਸੀਮਤ ਕਰ ਦੇਵਾਂਗੇ, ਤਾਂ ਆਉਣ ਵਾਲੀ ਪੀੜ੍ਹੀ ਅਸਲ ਰਿਸ਼ਤਿਆਂ ਦੀ ਨਿੱਘ ਤੋਂ ਵਾਂਝੀ ਰਹਿ ਜਾਵੇਗੀ। ਸਾਡੀਆਂ ਮਾਵਾਂ ਵਾਲਾ ਪਰਿਵਾਰਕ ’ਫ਼ਿਕਰ’ ਅਤੇ ਅੱਜ ਦੇ ਜ਼ਮਾਨੇ ਦਾ ਪਿਆਰ ਭਰਿਆ ’ਇਜ਼ਹਾਰ’ ਜੇਕਰ ਇਨ੍ਹਾਂ ਦੋਵਾਂ ਵਿੱਚ ਸੰਤੁਲਨ ਬਣਾ ਲਿਆ ਜਾਵੇ ਤਾਂ ਰਿਸ਼ਤੇ ਹੋਰ ਵੀ ਖੂਬਸੂਰਤ ਹੋ ਸਕਦੇ ਹਨ। ਰਿਸ਼ਤੇ ਉਮੀਦਾਂ ਦੇ ਭਾਰ ਹੇਠ ਦੱਬ ਕੇ ਨਹੀਂ, ਸਗੋਂ ਇੱਕ-ਦੂਜੇ ਦੇ ਫ਼ਿਕਰ ਅਤੇ ਆਪਣੇਪਣ ਦੇ ਅਹਿਸਾਸ ਨਾਲ ਹੀ ਨਿਭਦੇ ਹਨ। ਆਓ, ਉਮੀਦਾਂ ਘਟਾਈਏ ਅਤੇ ਆਪਣਾਪਣ ਵਧਾਈਏ।

# ਪਤਨੀ ਨੂੰ ਕੁੱਟਣ 'ਤੇ 15 ਦਿਨ ਤੇ ਜਾਨਵਰਾਂ ਦੀ ਲੜਾਈ ਕਰਵਾਉਣ 'ਤੇ 5 ਮਹੀਨੇ ਦੀ ਜੇਲ੍ਹ

ਏਥਨਜ਼ (ਏਜੰਸੀ)- ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਇੱਕ ਨਵਾਂ ਕਾਨੂੰਨ (ਦੰਡ ਸੰਹਿਤਾ) ਜਾਰੀ ਕੀਤਾ ਹੈ, ਜਿਸ ਵਿੱਚ ਔਰਤਾਂ ਨਾਲੋਂ ਜਾਨਵਰਾਂ ਦੀ ਸੁਰੱਖਿਆ ਨੂੰ ਵੱਧ ਅਹਿਮੀਅਤ ਦਿੱਤੀ ਗਈ ਹੈ। ਇਸ ਫਰਮਾਨ ਮੁਤਾਬਕ ਜੇਕਰ ਕੋਈ ਮਰਦ ਆਪਣੀ ਪਤਨੀ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਦਾ ਹੈ ਕਿ ਉਸ ਦੇ ਸਰੀਰ 'ਤੇ ਨੀਲ ਜਾਂ ਜ਼ਖ਼ਮ ਪੈ ਜਾਵੇ, ਤਾਂ ਉਸ ਨੂੰ ਸਿਰਫ਼ 15 ਦਿਨਾਂ ਦੀ ਜੇਲ੍ਹ ਹੋਵੇਗੀ, ਉਹ ਵੀ ਉਦੋਂ ਜੇ ਪਤਨੀ ਅਦਾਲਤ ਵਿੱਚ ਸਬੂਤ ਪੇਸ਼ ਕਰ ਸਕੇ। ਇਸ ਦੇ ਉਲਟ, ਜੇਕਰ ਕੋਈ ਵਿਅਕਤੀ ਜਾਨਵਰਾਂ ਜਾਂ ਪੰਛੀਆਂ ਦੀ ਲੜਾਈ ਕਰਵਾਉਂਦਾ ਫੜਿਆ ਗਿਆ, ਤਾਂ ਉਸ ਨੂੰ 5 ਮਹੀਨਿਆਂ ਦੀ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਜੇਕਰ ਕੋਈ ਔਰਤ ਆਪਣੇ ਪਤੀ ਦੀ ਮਰਜ਼ੀ ਤੋਂ ਬਿਨਾਂ ਪੇਕੇ ਘਰ ਜਾ ਕੇ ਰਹਿੰਦੀ ਹੈ, ਤਾਂ ਉਸ ਨੂੰ 3 ਮਹੀਨਿਆਂ ਦੀ ਜੇਲ੍ਹ ਹੋ ਸਕਦੀ ਹੈ। ਇਹ ਨਵਾਂ ਕਾਨੂੰਨ ਸਮਾਜਿਕ ਰੁਤਬੇ ਦੇ ਆਧਾਰ 'ਤੇ ਵੀ ਪੱਖਪਾਤ ਕਰਦਾ ਹੈ, ਜਿਸ ਵਿੱਚ ਉੱਚ ਵਰਗ ਦੇ ਲੋਕਾਂ ਨੂੰ ਸਿਰਫ਼ ਚੇਤਾਵਨੀ ਦੇ ਕੇ ਛੱਡਿਆ ਜਾ ਸਕਦਾ ਹੈ, ਜਦੋਂ ਕਿ ਗਰੀਬ





ਜਾਂ ਨੀਵੇਂ ਵਰਗ ਦੇ ਲੋਕਾਂ ਨੂੰ ਕੋੜੇ ਮਾਰਨ ਵਰਗੀਆਂ ਸਰੀਰਕ ਸਜ਼ਾਵਾਂ ਦਿੱਤੀਆਂ ਜਾਣਗੀਆਂ। ਸੰਯੁਕਤ ਰਾਸ਼ਟਰ ਨੇ ਇਸ ਫਰਮਾਨ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਮਨੁੱਖੀ ਅਧਿਕਾਰਾਂ ਅਤੇ ਲਿੰਗ ਸਮਾਨਤਾ ਦੀ ਵੱਡੀ ਉਲੰਘਣਾ ਦੱਸਿਆ ਹੈ। ਉਨਾਂ ਅਫਗਾਨ ਅਧਿਕਾਰੀਆਂ ਨੂੰ ਇਸ ਫਰਮਾਨ ਨੂੰ ਰੱਦ ਕਰਨ ਦੀ ਅਪੀਲ ਕੀਤੀ। 119 ਧਾਰਾਵਾਂ ਵਾਲੇ ਇਸ 60 ਪੰਨਿਆਂ ਦੇ ਫਰਮਾਨ ਨੰਬਰ 12 ਵਿੱਚ ਉਨ੍ਹਾਂ ਔਰਤਾਂ ਲਈ ਸਜ਼ਾਵਾਂ ਦਾ ਵੇਰਵਾ ਦਿੱਤਾ ਗਿਆ ਹੈ ਜੋ ਆਪਣੇ ਪਤੀ ਦੀ ਇਜਾਜ਼ਤ ਤੋਂ ਬਿਨਾਂ ਆਪਣੇ ਰਿਸ਼ਤੇਦਾਰਾਂ ਕੋਲ ਜਾਂਦੀਆਂ ਹਨ, ਅਤੇ ਪਤੀਆਂ ਤੇ ਪਰਿਵਾਰ ਦੇ ਮੁਖੀਆਂ ਨੂੰ ਆਪਣੇ ਘਰਾਂ ਵਿੱਚ ਸਜ਼ਾ ਨਿਰਧਾਰਤ ਕਰਨ ਅਤੇ ਦੇਣ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ, ਇਹ ਵੱਖਰਾ ਵਿਵਹਾਰ ਕਤਲ ਦੇ ਮਾਮਲਿਆਂ ਵਿੱਚ ਲਾਗੂ ਨਹੀਂ ਹੁੰਦਾ, ਜਿੱਥੇ ਦੋਸ਼ੀ ਪਾਏ ਜਾਣ ਵਾਲੇ ਹਰ ਵਿਅਕਤੀ ਨੂੰ ਮੌਤ ਦੀ ਸਜ਼ਾ ਮਿਲਦੀ ਹੈ। ਦੂਜਾ ਵੱਡਾ ਅਪਰਾਧ ਪੈਗੰਬਰ ਮੁਹੰਮਦ ਦਾ ਅਪਮਾਨ ਕਰਨਾ ਹੈ, ਹਾਲਾਂਕਿ ਉਸ ਮਾਮਲੇ ਵਿੱਚ ਜੇਕਰ ਅਪਰਾਧੀ ਪਛਤਾਵਾ ਕਰਦਾ ਹੈ ਤਾਂ ਮੌਤ ਦੀ ਸਜ਼ਾ ਨੂੰ ਛੇ ਸਾਲ ਦੀ ਕੈਦ ਵਿੱਚ ਬਦਲਿਆ ਜਾ ਸਕਦਾ ਹੈ।

# ਨਵੀਂ ਡਰਾਈਵਿੰਗ ਲਾਇਸੈਂਸ ਪ੍ਰਣਾਲੀ ਛੇਤੀ ਹੋਵੇਗੀ ਲਾਗੂ

**ਗ੍ਰੇਡ ਆਧਾਰਿਤ ਪ੍ਰਣਾਲੀ ਤਹਿਤ ਨਿਯਮਾਂ ਦੀ ਵਾਰ-ਵਾਰ ਉਲੰਘਣਾ ਕਰਨ ਵਾਲਿਆਂ ਦੇ ਲਾਇਸੈਂਸ ਰੱਦ ਹੋਣਗੇ**

ਨਵੀਂ ਦਿੱਲੀ (ਏਜੰਸੀ)-ਸਰਕਾਰ ਸੜਕ ਹਾਦਸਿਆਂ ਨੂੰ ਰੋਕਣ ਅਤੇ ਜ਼ਿੰਮੇਵਾਰ ਡਰਾਈਵਿੰਗ ਨੂੰ ਉਤਸ਼ਾਹਿਤ ਕਰਨ ਲਈ 'ਗ੍ਰੇਡ' ਆਧਾਰਿਤ ਡਰਾਈਵਿੰਗ ਲਾਇਸੈਂਸ ਪ੍ਰਣਾਲੀ ਸ਼ੁਰੂ ਕਰਨ ਦੀ ਯੋਜਨਾ ਉਲੀਕ ਰਹੀ ਹੈ। ਇਸ ਤਹਿਤ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ 'ਤੇ ਅੰਕ ਕੱਟੇ ਜਾਣਗੇ ਅਤੇ ਗੰਭੀਰ ਜਾਂ ਵਾਰ-ਵਾਰ ਉਲੰਘਣਾ ਦੀ ਸਥਿਤੀ 'ਚ ਲਾਇਸੈਂਸ ਮੁਅੱਤਲ ਜਾਂ ਰੱਦ ਕੀਤਾ ਜਾ ਸਕੇਗਾ। ਕੇਂਦਰੀ ਸੜਕ ਆਵਾਜਾਈ ਅਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਦੇਸ਼ ਵਿੱਚ ਹਰ ਸਾਲ ਲਗਭਗ 1.8 ਲੱਖ ਲੋਕਾਂ ਦੀ ਮੌਤ ਗੱਡੀ ਚਲਾਉਣ ਸਮੇਂ ਮੋਬਾਈਲ ਫੋਨ ਦੀ ਵਰਤੋਂ, ਤੇਜ਼ ਰਫ਼ਤਾਰ, ਗਲਤ ਦਿਸ਼ਾ 'ਚ ਜਾਣ ਜਾਂ ਸ਼ਰਾਬ ਪੀ ਕੇ ਗੱਡੀ ਚਲਾਉਣ ਵਰਗੇ ਕਾਰਨਾਂ ਕਰ ਕੇ ਹੁੰਦੀ ਹੈ। ਕੌਮੀ ਰਾਜਧਾਨੀ ਵਿੱਚ ਸੀ ਆਈ ਆਈ ਵੱਲੋਂ ਕਰਵਾਏ ਕੌਮੀ ਸੜਕ ਸੁਰੱਖਿਆ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਦੀ ਜ਼ਿੰਦਗੀ ਬਹੁਤ ਕੀਮਤੀ ਹੈ ਅਤੇ ਸਰਕਾਰ ਸੜਕ ਸੁਰੱਖਿਆ ਲਈ ਕਈ ਕਦਮ ਚੁੱਕ ਰਹੀ ਹੈ। ਸਰਕਾਰ ਪਹਿਲਾਂ ਹੀ ਆਵਾਜਾਈ ਨਿਯਮਾਂ ਦੀ ਉਲੰਘਣਾ 'ਤੇ ਜੁਰਮਾਨਾ ਵਧਾ ਚੁੱਕੀ ਹੈ ਪਰ ਪ੍ਰਭਾਵਸ਼ਾਲੀ ਢੰਗ ਨਾਲ ਨਿਯਮਾਂ ਨੂੰ ਲਾਗੂ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਮੰਤਰੀ ਨੇ ਦੱਸਿਆ ਕਿ ਆਵਾਜਾਈ ਨਿਯਮਾਂ ਦੀ ਉਲੰਘਣਾ 'ਤੇ ਕੁੱਝ ਅੰਕ ਕੱਟੇ



ਜਾਣਗੇ। ਜੇ ਸਾਰੇ ਅੰਕ ਕੱਟੇ ਜਾਂਦੇ ਹਨ ਤਾਂ ਲਾਇਸੈਂਸ ਛੇ ਮਹੀਨਿਆਂ ਲਈ ਮੁਅੱਤਲ ਜਾਂ ਅਪਰਾਧ ਦੁਹਰਾਉਣ 'ਤੇ ਰੱਦ ਵੀ ਕੀਤਾ ਜਾ ਸਕਦਾ ਹੈ।" ਇਹ ਯੋਜਨਾ ਜਲਦੀ ਸ਼ੁਰੂ ਕੀਤੀ ਜਾਵੇਗੀ।

# ਸਿੱਖਿਆ ਦੀ ਸੂਰਤ : ਬਦਲਦੇ ਸਮੇਂ ਵਿੱਚ ਬਦਲਦੀ ਵਿਵਸਥਾ

ਸਿੱਖਿਆ ਕਿਸੇ ਵੀ ਸਮਾਜ ਦੀ ਰੀੜ੍ਹ ਹੈ। ਇਹ ਨਾ ਸਿਰਫ਼ ਵਿਅਕਤੀ ਦੇ ਗਿਆਨ ਅਤੇ ਹੁਨਰ ਦਾ ਵਿਕਾਸ ਕਰਦਾ ਹੈ, ਸਗੋਂ ਸਮਾਜ ਦੀ ਸੋਚ, ਦਿਸ਼ਾ ਅਤੇ ਭਵਿੱਖ ਨੂੰ ਵੀ ਆਕਾਰ ਦਿੰਦਾ ਹੈ। ਪਰ ਅੱਜ ਜਦੋਂ ਅਸੀਂ ਸਿੱਖਿਆ ਦੀ ਦਿੱਖ 'ਤੇ ਨਜ਼ਰ ਮਾਰਦੇ ਹਾਂ, ਤਾਂ ਇਹ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਇਹ ਇੱਕ ਡੂੰਘੇ ਬਦਲਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ - ਜਿੱਥੇ ਉਮੀਦਾਂ ਵੀ ਹਨ, ਚੁਣੌਤੀਆਂ ਵੀ ਹਨ ਅਤੇ ਕਈ ਸਵਾਲ ਵੀ ਹਨ। ਰਵਾਇਤੀ ਸਿੱਖਿਆ ਤੋਂ ਆਧੁਨਿਕਤਾ ਤੱਕ

ਇੱਕ ਸਮਾਂ ਸੀ ਜਦੋਂ ਸਿੱਖਿਆ ਦਾ ਅਰਥ ਕਿਤਾਬ, ਗੁਰੂ ਅਤੇ ਕਲਾਸ ਤੱਕ ਸੀਮਤ ਸੀ। ਅਨੁਸ਼ਾਸਨ, ਰਤੰਤ ਸਿੱਖਿਆ ਅਤੇ ਪ੍ਰੀਖਿਆਵਾਂ ਨੂੰ ਸਫਲਤਾ ਦਾ ਮਾਪ ਮੰਨਿਆ ਜਾਂਦਾ ਸੀ। ਅੱਜ ਸਿੱਖਿਆ ਦਾ ਘੇਰਾ ਕਿਤੇ ਫੈਲ ਗਿਆ ਹੈ। ਡਿਜੀਟਲ ਕਲਾਸਰੂਮ, ਔਨਲਾਈਨ ਕੋਰਸ, ਸਮਾਰਟ ਬੋਰਡ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੇ ਸਾਧਨ ਸਿੱਖਿਆ ਨੂੰ ਨਵੀਂ ਦਿਸ਼ਾ ਦੇ ਰਹੇ ਹਨ। ਹੁਣ ਸਿੱਖਣਾ ਸਿਰਫ਼ ਸਕੂਲ ਜਾਂ ਕਾਲਜ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਘਰ, ਮੋਬਾਈਲ ਅਤੇ ਲੈਪਟਾਪ ਤੱਕ ਪਹੁੰਚ ਗਿਆ ਹੈ।



**ਤਕਨਾਲੋਜੀ ਦਾ ਵਧਦਾ ਪ੍ਰਭਾਵ-** ਤਕਨਾਲੋਜੀ ਨੇ ਸਿੱਖਿਆ ਨੂੰ ਲੋਕਤੰਤਰੀ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਔਨਲਾਈਨ ਪਲੇਟਫਾਰਮਾਂ ਨੇ ਦੂਰ-ਦੁਰਾਡੇ ਦੇ ਵਿਦਿਆਰਥੀਆਂ ਨੂੰ ਵੀ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਦਿੱਤੀ।

ਈ-ਲਰਨਿੰਗ, ਵੀਡੀਓ ਲੈਕਚਰ ਅਤੇ ਵਰਚੁਅਲ ਲੈਬਸ ਨੇ ਸਿੱਖਣ ਨੂੰ ਵਧੇਰੇ ਦਿਲਚਸਪ ਅਤੇ ਲਚਕਦਾਰ ਬਣਾਇਆ ਹੈ।

ਪਰ ਇਸਦੇ ਨਾਲ ਹੀ ਡਿਜੀਟਲ ਵੰਡ ਦੀ ਸਮੱਸਿਆ ਵੀ ਉੱਭਰ ਗਈ ਹੈ। ਅੱਜ ਵੀ ਬਹੁਤ ਸਾਰੇ ਬੱਚੇ ਹਨ ਜਿਨ੍ਹਾਂ ਕੋਲ ਇੰਟਰਨੈੱਟ, ਸਮਾਰਟਫੋਨ ਜਾਂ ਸਹੀ ਸਰੋਤ ਨਹੀਂ ਹਨ। ਇਸ ਤਰ੍ਹਾਂ ਦੀ ਤਕਨੀਕ ਜਿੱਥੇ ਕੁਝ ਲੋਕਾਂ ਲਈ ਵਰਦਾਨ ਹੈ, ਉੱਥੇ ਇਹ ਦੂਜਿਆਂ ਲਈ ਇੱਕ ਨਵੀਂ ਰੁਕਾਵਟ ਵੀ ਬਣ ਰਹੀ ਹੈ। ਸਿੱਖਿਆ ਅਤੇ ਰੁਜ਼ਗਾਰ ਵਿਚਕਾਰ ਵਧਦੀ ਪਾੜਾ

ਅੱਜ ਦੇ ਸਿੱਖਿਆ ਪ੍ਰਣਾਲੀ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰ ਰਹੀ ਹੈ, ਪਰ ਰੁਜ਼ਗਾਰ ਲਈ ਲੋੜੀਂਦੇ ਹੁਨਰ ਨਹੀਂ ਦੇ ਸਕਦੀ। ਕਿਤਾਬਾਂ ਦੇ ਗਿਆਨ ਅਤੇ ਵਿਹਾਰਕ ਜੀਵਨ ਵਿਚਕਾਰ ਪਾੜਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਕਰਕੇ ਵੱਡੀ ਗਿਣਤੀ ਵਿੱਚ ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਹੁਣ ਅਜਿਹੀ ਸਿੱਖਿਆ ਦੀ ਲੋੜ ਹੈ ਜੋ ਹੁਨਰ ਅਧਾਰਤ, ਅਨੁਭਵੀ ਅਤੇ ਸਮੱਸਿਆ-ਹੱਲ ਕਰਨ 'ਤੇ ਕੇਂਦ੍ਰਿਤ ਹੋਵੇ।

**ਅਧਿਆਪਕ ਦੀ ਭੂਮਿਕਾ ਵਿੱਚ ਬਦਲਾਅ**-ਪਹਿਲਾਂ ਅਧਿਆਪਕ ਗਿਆਨ ਦਾ ਇੱਕੋ ਇੱਕ ਸਰੋਤ ਹੁੰਦਾ ਸੀ, ਅੱਜ ਉਹ ਇੱਕ ਮਾਰਗਦਰਸ਼ਕ ਅਤੇ ਸਲਾਹਕਾਰ ਦੀ ਭੂਮਿਕਾ ਨਿਭਾ ਰਿਹਾ ਹੈ। ਤਕਨੀਕੀ ਯੁੱਗ ਵਿੱਚ



ਅਧਿਆਪਕ ਦਾ ਕੰਮ ਸਿਰਫ਼ ਪੜ੍ਹਾਉਣਾ ਹੀ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਸੋਚਣ ਦੀ ਸਮਰੱਥਾ, ਨੈਤਿਕ ਮੁੱਲ ਅਤੇ ਉਤਸੁਕਤਾ ਪੈਦਾ ਕਰਨਾ ਵੀ ਹੈ। ਇਸ ਲਈ ਅਧਿਆਪਕਾਂ ਦੀ ਨਿਰੰਤਰ ਸਿਖਲਾਈ ਅਤੇ ਸਨਮਾਨ ਬਹੁਤ ਜ਼ਰੂਰੀ ਹੈ।

**ਮਾਨਸਿਕ ਸਿਹਤ ਅਤੇ ਸਿੱਖਿਆ-** ਮੁਕਾਬਲਾ, ਅੰਕਾਂ ਦੀ ਦੌੜ ਅਤੇ ਕਰੀਅਰ ਦਾ ਦਬਾਅ ਅੱਜ ਦੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪਾ ਰਿਹਾ ਹੈ। ਸਿੱਖਿਆ ਦੀ ਦਿੱਖ ਉਦੋਂ ਤੱਕ ਪੂਰੀ ਤਰ੍ਹਾਂ ਨਹੀਂ ਬਦਲ ਸਕਦੀ ਜਦੋਂ ਤੱਕ ਇਹ ਬੱਚਿਆਂ ਨੂੰ ਨਾ ਸਿਰਫ਼ ਸਫਲ, ਸਗੋਂ ਸੰਤੁਲਿਤ ਅਤੇ ਸੰਵੇਦਨਸ਼ੀਲ ਇਨਸਾਨ ਵੀ ਬਣਾਉਂਦੀ ਹੈ। ਇਸ ਲਈ ਜੀਵਨ ਹੁਨਰ, ਕਲਾ, ਖੇਡਾਂ ਅਤੇ ਮਾਨਸਿਕ ਸਿਹਤ ਨੂੰ ਪਾਠਕ੍ਰਮ ਵਿੱਚ ਢੁਕਵਾਂ ਸਥਾਨ ਦੇਣਾ ਜ਼ਰੂਰੀ ਹੈ।

**ਨਵੀਂ ਸਿੱਖਿਆ ਨੀਤੀ ਅਤੇ ਉਮੀਦਾਂ**-ਨਵੀਆਂ ਸਿੱਖਿਆ ਨੀਤੀਆਂ ਬਹੁ-ਭਾਸ਼ਾਈ ਸਿੱਖਿਆ, ਰਚਨਾਤਮਕ ਸੋਚ, ਲਚਕਤਾ ਅਤੇ ਸਥਾਨਕ ਸੰਦਰਭਾਂ 'ਤੇ ਜ਼ੋਰ ਦਿੰਦੀਆਂ ਹਨ। ਜੇਕਰ ਇਹਨਾਂ ਨੂੰ ਜ਼ਮੀਨੀ ਪੱਧਰ 'ਤੇ ਸਹੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ, ਤਾਂ ਸਿੱਖਿਆ ਦਾ ਰੂਪ ਅਸਲ ਵਿੱਚ ਬਦਲ ਸਕਦਾ ਹੈ - ਅਜਿਹੀ ਸਿੱਖਿਆ ਜੋ ਬੋਝ ਨਹੀਂ, ਸਗੋਂ ਅਨੰਦ ਬਣ ਜਾਂਦੀ ਹੈ।

**ਸਿੱਟਾ**-ਸਿੱਖਿਆ ਦਾ ਸੂਰਤ ਅੱਜ ਇੱਕ ਚੌਰਾਹੇ 'ਤੇ ਖੜ੍ਹਾ ਹੈ। ਇੱਕ ਪਾਸੇ ਤਕਨਾਲੋਜੀ, ਨਵੀਨਤਾ ਅਤੇ ਨਵੇਂ ਮੌਕੇ ਹਨ, ਦੂਜੇ ਪਾਸੇ ਅਸਮਾਨਤਾ, ਬੇਰੁਜ਼ਗਾਰੀ ਅਤੇ ਮਾਨਸਿਕ ਦਬਾਅ ਵਰਗੇ ਮੁੱਦੇ ਹਨ। ਲੋੜ ਇਹ ਹੈ ਕਿ ਸਿੱਖਿਆ ਨੂੰ ਸਿਰਫ਼ ਪ੍ਰੀਖਿਆਵਾਂ ਅਤੇ ਨੌਕਰੀਆਂ ਨਾਲ ਜੋੜ ਕੇ ਨਹੀਂ ਦੇਖਿਆ ਜਾਵੇ, ਸਗੋਂ ਇਸਨੂੰ ਮਨੁੱਖ ਬਣਾਉਣ ਦੀ ਪ੍ਰਕਿਰਿਆ ਸਮਝਿਆ ਜਾਵੇ। ਜਦੋਂ ਸਿੱਖਿਆ ਸੋਚਣਾ, ਸਮਝਣਾ ਅਤੇ ਸਮਾਜ ਲਈ ਜ਼ਿੰਮੇਵਾਰ ਨਾਗਰਿਕ ਬਣਾਉਣਾ ਸ਼ੁਰੂ ਕਰ ਦੇਵੇਗੀ - ਉਦੋਂ ਹੀ ਉਸਦੀ ਸੂਰਤ ਅਸਲ ਵਿੱਚ ਸਾਨਵਰ ਪ੍ਰਾਪਤ ਕਰੇਗੀ।

# ਮੁਬਾਇਲ ਯੁੱਗ ਵਿੱਚ ਬਚਪਨ ਦੀ ਖੋ ਰਹੀ ਮਾਸੂਮੀਅਤ

ਮੌਜੂਦਾ ਡਿਜ਼ੀਟਲ ਯੁੱਗ ਵਿੱਚ ਮੁਬਾਇਲ ਫੋਨ, ਇੰਟਰਨੈੱਟ ਅਤੇ ਆੱਨਲਾਈਨ ਪਲੇਟਫਾਰਮਾਂ ਨੇ ਮਨੁੱਖੀ ਜੀਵਨ ਨੂੰ ਬੇਹੱਦ ਸੁਖਾਲਾ ਬਣਾ ਦਿੱਤਾ ਹੈ। ਭਾਵੇਂ ਇੱਕ ਪਾਸੇ ਅਜਿਹੇ ਸਾਧਨ ਜਾਣਕਾਰੀ, ਸਿੱਖਿਆ, ਰੁਜਗਾਰ ਅਤੇ ਸੰਚਾਰ ਦੇ ਨਵੇਂ ਰਾਹ ਖੋਲਦੇ ਹਨ, ਪਰੰਤੂ ਦੂਜੇ ਪਾਸੇ ਇਨ੍ਹਾਂ ਦੀ ਬੇਲਗਾਮ ਵਰਤੋਂ ਸਾਡੇ ਸੱਭਿਅਕ ਸਮਾਜ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ। ਇਸ ਵਰਚੁਅਲ ਪਲੇਟਫਾਰਮ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ ਸਾਡੀ ਭਵਿੱਖਤ ਪੀੜ੍ਹੀ—ਬੱਚੇ ਅਤੇ ਕਿਸ਼ੋਰ। ਅੱਜ ਜਿੱਧਰੇ ਵੀ ਨਜ਼ਰ ਮਾਰਦੇ ਹਾਂ, ਬੱਚੇ ਦੇ ਹੱਥ ਵਿੱਚ ਇਹ ਇਲੈਕਟ੍ਰੋਨਿਕ ਯੰਤਰ ਮੁਬਾਇਲ ਆਮ ਦੇਖਿਆ ਜਾ ਸਕਦਾ ਹੈ।ਮਾਪਿਆਂ ਵਿਚਾਲੇ ਆਪਸੀ ਗੱਲਬਾਤ ਦਾ ਵਿਸ਼ਾ ਵੀ ਇਹੀ ਹੈ ਕਿ ਉਹਨਾਂ ਦਾ ਬੱਚਾ ਸਾਰਾ ਦਿਨ ਮੁਬਾਇਲ ਸਕਰੀਨ ਨਾਲ ਜੁੜਿਆ ਰਹਿੰਦਾ ਹੈ। ਬੱਚਾ ਪਰੰਪਰਾਗਤ ਖੇਡਾਂ ਜਾਂ ਖਿਡੌਣਿਆਂ ਦੀ ਥਾਂ ਮੁਬਾਇਲ ਉੱਤੇ ਖੇਡਣਾ ਜਿਆਦਾ ਪਸੰਦ ਕਰ ਰਿਹਾ ਹੈ। ਖੇਡ ਮੈਦਾਨਾਂ ਵਿੱਚ ਸੰਨਾਟਾ ਪਸਰਿਆ ਦਿਖਾਈ ਦਿੰਦਾ ਹੈ, ਬੱਚਿਆਂ ਲਈ ਆੱਨਲਾਈਨ ਗੇਮਾਂ ਹੀ ਖੇਡ ਦਾ ਮੈਦਾਨ ਹਨ। ਕਿਸ਼ੋਰ ਅਵਸਥਾ (13 ਤੋਂ 16 ਸਾਲ ਦੀ ਉਮਰ ) ਜਿਹੜੀ, ਬੱਚੇ ਦੀ ਸ਼ਖ਼ਸ਼ੀਅਤ ਅਤੇ ਮਾਨਸਿਕ ਵਿਕਾਸ ਦਾ ਸਭ ਤੋਂ ਮਹੱਤਵਪੂਰਨ ਤੇ ਸੰਵੇਦਨਸ਼ੀਲ ਦੌਰ ਹੁੰਦਾ ਹੈ, ਉਸ ਸਮੇਂ ਬੱਚਾ ਵਰਚੁਅਲ ਦੁਨੀਆ ਵਿੱਚ ਖੋ ਜਾਂਦਾ ਹੈ। ਨਤੀਜਾ ਇਹ ਕਿ ਬੱਚੇ ਅਸਲ ਹਾਲਤਾਂ ਤੋਂ ਦੂਰ ਵੱਖਰੀ ਕਲਪਨਾਤਮਕ ਦੁਨੀਆ ਵਿੱਚ ਜੀਵਨ ਬਤੀਤ ਕਰ ਰਿਹਾ ਹੈ। ਕੋਰੋਨਾ ਮਹਾਂਮਾਰੀ ਕਾਲ ਦੌਰਾਨ ਸਕੂਲਾਂ ਦੇ ਬੰਦ ਹੋਣ ਕਰਕੇ ਬੱਚਿਆਂ ਦਾ ਮੁਬਾਇਲ ਸਕਰੀਨ ਉੱਤੇ ਟਾਈਮ ਵਿੱਚ ਵਾਧਾ ਹੋਇਆ। ਆੱਨਲਾਈਨ ਕਲਾਸਾਂ ਨੇ ਬੱਚਿਆਂ ਦੇ ਹੱਥ ਮੁਬਾਇਲ, ਟੈਬਲੈਟ ਅਤੇ ਲੈਪਟਾਪ ਫੜਾ ਦਿੱਤੇ। ਭਾਵੇਂ ਸ਼ੁਰੂ ਵਿੱਚ ਇਹ ਸਮੇਂ ਦੀ ਲੋੜ ਸੀ, ਪਰ ਦੇਖਦੇ ਹੀ ਦੇਖਦੇ ਇਹ ਆਦਤ ਅਤੇ ਫਿਰ ਲਤ ਬਣ ਗਈ। ਭਾਵੇਂ ਕਰੋਨਾ ਮਹਾਂਮਾਰੀ ਚਲੀ ਗਈ ਪਰੰਤੂ ਇਹ ਮੁਬਾਇਲ ਨਾਮ ਦੀ ਬੀਮਾਰੀ ਪੈਦਾ ਕਰ ਗਈ, ਜਿਸਦੀ ਵਰਤੋਂ ਸਕੂਲਾਂ ਵਿੱਚ ਅਜੇ



ਵੀ ਕੀਤੀ ਜਾ ਰਹੀ ਹੈ। ਬੱਚੇ ਹੁਣ ਕਿਤਾਬਾਂ ਦੇ ਨਾਲ ਮੁਬਾਇਲ ਵੀ ਕੋਲ ਰੱਖ ਕੇ ਪੜ੍ਹ ਰਹੇ ਹਨ। ਬੱਚਿਆਂ ਦਾ ਦੇਰ ਰਾਤ ਤੱਕ ਮੁਬਾਇਲ ਉੱਤੇ ਆੱਨਲਾਈਨ ਰਹਿਣਾ, ਜਿੱਥੇ ਉਹਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਰਿਹਾ ਹੈ, ਉੱਥੇ ਸੁਨਿਹਰੀ ਭਵਿੱਖ ਨੂੰ ਵੀ ਖਤਰੇ ਵਿੱਚ ਪਾ ਰਿਹਾ ਹੈ। ਅੱਜ ਦੇ ਬੱਚਿਆਂ ਵਿੱਚ ਬੇਸਬਰੀ, ਅਸਹਿਣਸ਼ੀਲਤਾ, ਗੁਸੈਲ ਸੁਭਾਅ ਮੁਬਾਇਲ ਦਾ ਹੀ ਨਤੀਜਾ ਹੈ। ਉਹ ਪੜ੍ਹਾਈ ਤੋਂ ਪੂਰੀ ਤਰਾਂ ਹੱਟਦੇ ਜਾ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਇਸ ਗੱਲ ਨੂੰ ਸਮਝਣਾ ਜਰੂਰੀ ਹੈ ਕਿ ਬੱਚੇ ਆੱਨਲਾਈਨ ਗੇਮਾਂ ਵੱਲ ਕਿਉਂ ਖਿੱਚੇ ਜਾਂਦੇ ਹਨ। ਗੇਮਜ਼ ਵਿੱਚ ਰੰਗੀਨ ਗ੍ਰਾਫਿਕਸ, ਰੋਮਾਂਚਕਾਰੀ ਪੜਾਅ, ਇਨਾਮ ਅਤੇ ਤੁਰੰਤ ਪ੍ਰਤੀਕਿਰਿਆ ਬੱਚਿਆਂ ਨੂੰ ਆਕਰਸ਼ਿਤ ਕਰਦੇ ਹਨ। ਕਈ ਗੇਮਜ਼ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਕਿ ਖੇਡਣ ਵਾਲੇ ਵਧ ਤੋਂ ਵਧ ਸਮਾਂ ਉਨ੍ਹਾਂ ਨਾਲ ਬਿਤਾਏ। ਇਹ ਮਨੋਵਿਗਿਆਨਕ ਪੱਖੋਂ ਬੱਚਿਆਂ ਦੇ ਕੋਮਲ ਮਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹ ਹੌਲੀ-ਹੌਲੀ ਇਸ ਦੇ ਆਦੀ ਬਣ ਜਾਂਦੇ ਹਨ। ਆੱਨਲਾਈਨ ਗੇਮਜ਼ ਬੱਚਿਆਂ ਨੂੰ ਤੁਰੰਤ ਰੋਮਾਂਚ ਭਰਪੂਰ ਅਤੇ ਕਾਮਯਾਬੀ ਦਾ ਅਹਿਸਾਸ ਦਿੰਦੀਆਂ ਹਨ। ਜਦੋਂ ਬੱਚਾ ਗੇਮ ਦੇ ਪੜਾਅ ਨੂੰ ਪਾਰ ਕਰ ਲੈਂਦਾ ਹੈ ਤਾਂ ਉਸ ਸਮੇਂ ਮਿਲਣ ਵਾਲੀ ਖੁਸ਼ੀ ਉਸ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਦੀ ਹੈ। ਪਰੰਤੂ ਜਦੋਂ ਇਹ ਗੇਮ ਹਾਰ-ਜਿੱਤ, ਹਿੰਸਾ ਅਤੇ ਖ਼ਤਰਨਾਕ ਚੈਲੰਜ ਨਾਲ ਜੁੜ ਜਾਂਦੀਆਂ ਹਨ ਤਾਂ ਇਹ ਬੱਚਿਆਂ ਦਾ ਮਾਨਸਿਕ ਸੰਤੁਲਨ ਵਿਗਾੜ ਦਿੰਦੀਆਂ ਹਨ।ਇਹੀ ਕਾਰਨ ਹੈ ਕਿ ਅੱਜ-ਕੱਲ ਦੇ ਬੱਚੇ ਵਰਚੁਅਲ ਜਿੰਦਗੀ ਦੇ ਨੇੜੇ ਅਤੇ ਅਸਲ ਜ਼ਿੰਦਗੀ ਤੋਂ ਦੂਰ ਹੁੰਦੇ ਜਾ ਰਹੇ ਹਨ। ਨਤੀਜਾ ਉਹਨਾਂ ਵਿੱਚ ਚਿੜਚਿੜਾਪਨ, ਬੇਸਬਰੀ, ਜ਼ਿੱਦੀਪਣ, ਹਿੰਸਾਤਮਕ ਰੁਝਾਣ ਪੈਦਾ ਹੋ ਰਿਹਾ ਹੈ, ਜੋ ਨਾ ਸਿਰਫ ਉਹਨਾਂ ਨੂੰ ਹਨੇਰੇ ਵਿੱਚ ਲੈ ਕੇ ਜਾ ਰਹੀ ਹੈ ਸਗੋਂ ਭਵਿੱਖੀ ਪੀੜ੍ਹੀ ਨੂੰ ਵੀ ਤਬਾਹ ਕਰ ਰਹੀ ਹੈ। ਮਨੋਵਿਗਿਆਨੀ ਇਸ ਗੱਲ ਨੂੰ ਤਸਦੀਕ ਕਰਦੇ ਹਨ ਕਿ ਬੱਚਿਆਂ ਦਾ ਲਗਾਤਾਰ ਮੁਬਾਇਲ ਦੇ ਨਾਲ ਜੁੜੇ ਰਹਿਣਾ, ਉਹਨਾਂ ਵਿੱਚ ਧਿਆਨ ਦੀ ਘਾਟ, ਇਕਾਂਤਵਾਦ, ਤਣਾਅ ਅਤੇ ਚਿੰਤਾ ਵੱਲ ਧੱਕ ਰਿਹਾ ਹੈ। ਬੱਚੇ ਮਾਪਿਆਂ ਤੋਂ ਦੂਰੀ ਬਣਾ ਰਹੇ ਹਨ ਤੇ ਅਤੇ ਮੁਬਾਇਲ ਅਤੇ ਆਪਣੇ-ਆਪ ਵਿੱਚ ਸੀਮਤ ਹੋ ਰਹੇ ਹਨ। ਮੁਬਾਇਲ ਹੀ ਉਹਨਾਂ ਦੀ ਦੁਨੀਆਂ ਬਣ ਰਹੀ ਹੈ। ਨਤੀਜਾ, ਡਿਪ੍ਰੈਸ਼ਨ ਅਤੇ ਸਮਾਜਿਕ ਤਾਣੇ-ਬਾਣੇ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਕੀ ਇਸ ਸਮੱਸਿਆ ਲਈ ਸਿਰਫ ਬੱਚੇ ਹੀ ਦੋਸ਼ੀ ਹਨ ? ਇਹ ਬਿਲਕੁੱਲ ਗਲਤ ਹੈ, ਮਾਪੇ ਵੀ ਇਸ ਵਿੱਚ ਬਰਾਬਰ ਦੇ ਦੋਸ਼ੀ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਮਾਪੇ ਆਪਣੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਮੁਬਾਇਲ ਫੜਾ ਦਿੰਦੇ ਹਨ। ਭਾਵੇਂ ਕਿ ਸ਼ੁਰੂ ਵਿੱਚ ਇਹ ਸਮੱਸਿਆ ਨਹੀਂ ਜਾਪਦੀ ਸੀ ਪਰੰਤੂ ਦੇਖਦੇ ਹੀ ਦੇਖਦੇ ਇਹ ਆਦਤ ਬੱਚੇ ਦੀ ਜ਼ਿੰਦਗੀ 'ਤੇ ਪੂਰੀ ਤਰਾਂ ਭਾਰੀ ਹੋ ਗਈ ਹੈ। ਮਾਪਿਆਂ ਦੀ ਨਿਗਰਾਨੀ ਅਤੇ ਭਾਵਨਾਤਮਕ ਸਾਂਝ ਦੀ ਘਾਟ ਉਹਨਾਂ ਨੂੰ ਇਸ ਅੰਧਕਾਰ ਵੱਲ ਲੈ ਕੇ ਜਾ ਰਹੀ ਹੈ। ਵਿੱਦਿਅਕ ਸੰਸਥਾਵਾਂ ਬੱਚਿਆਂ ਅੰਦਰ ਮੁਬਾਇਲ ਦੀ ਲਤ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।ਇਹਨਾਂ ਸੰਸਥਾਵਾਂ ਦੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਜੀਵਨ ਮੁੱਲ, ਅਨੁਸ਼ਾਸਨ ਅਤੇ ਸੰਤੁਲਿਤ ਡਿਜ਼ੀਟਲ ਵਰਤੋਂ ਬਾਰੇ ਜਾਗਰੂਕ ਕਰਨ। ਜੇਕਰ ਅਧਿਆਪਕ ਬੱਚਿਆਂ ਦੇ ਸੁਭਾਅ ਵਿੱਚ ਆ ਰਹੇ ਬਦਲਾਵਾਂ ਨੂੰ ਸਮੇਂ 'ਤੇ ਸਮਝ ਕੇ ਯੋਗ ਮਾਰਗਦਰਸ਼ਨ ਕਰਨ ਤਾਂ ਇਸ ਗੰਭੀਰ ਸਮੱਸਿਆ ਨੂੰ ਸਮੇਂ ਸਿਰ ਨਜਿੱਠਿਆ ਜਾ ਸਕਦਾ ਹੈ। ਮਾਪਿਆਂ ਅਤੇ ਵਿੱਦਿਅਕ ਸੰਸਥਾਵਾਂ ਦੇ ਨਾਲ-ਨਾਲ ਸਰਕਾਰ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਮੁਬਾਇਲ ਸਕਰੀਨ ਮੁੱਦੇ 'ਤੇ ਗੰਭੀਰ ਹੋਣ ਦੀ ਲੋੜ ਹੈ।ਸਰਕਾਰ ਇਸ ਬਾਬਤ ਡਿਜ਼ੀਟਲ ਜਾਗਰੂਕਤਾ ਮੁਹਿੰਮ, ਮਾਪਿਆਂ ਦੀ ਯੋਗ ਅਗਵਾਈ ਅਤੇ ਸਕੂਲ ਪੱਧਰ 'ਤੇ ਵਰਕਸ਼ਾਪਾਂ ਕਰਵਾਉਣ ਨਾਲ ਵੀ ਇਸ ਵਿਰੁੱਧ ਅਭਿਆਨ ਨੂੰ ਹੁਲਾਰਾ ਮਿਲੇਗਾ। ਬੱਚਿਆਂ ਵਿੱਚ ਮੁਬਾਇਲ ਦੇ ਰੁਝਾਣ ਨੂੰ ਘਟਾਉਣ ਦੇ ਨਾਲ-ਨਾਲ ਉਹਨਾਂ ਲਈ ਖੇਡ ਮੈਦਾਨ, ਚਿੱਤਰਕਾਰੀ, ਮਨੋਰੰਜਨ ਦੇ ਰਵਾਇਤੀ ਸਾਧਨ, ਸੰਗੀਤ ਅਤੇ ਕਿਤਾਬਾਂ ਨਾਲ ਜੁੜਨ ਦੇ ਮੌਕੇ ਵਧਾਏ ਜਾਣ ਤਾਂ ਹੀ ਇਸ ਨੂੰ ਠੱਲ ਪਾਈ ਜਾ ਸਕਦੀ ਹੈ। ਇਸ ਸਮੱਸਿਆ ਦਾ ਹੱਲ ਪਾਬੰਦੀ ਨਹੀਂ, ਸਗੋਂ ਸੰਤੁਲਨ ਹੈ। ਮੁਬਾਇਲ ਆਪਣੇ-ਆਪ ਵਿੱਚ ਮਾੜਾ ਨਹੀਂ। ਅੱਜ ਇਹ ਗਿਆਨ ਅਤੇ ਸੰਚਾਰ ਦਾ ਸਭ ਤੋਂ ਵੱਡਾ ਸੋਮਾ ਬਣ ਕੇ ਉਭਰਿਆ ਹੈ। ਪਰੰਤੂ ਜਦੋਂ ਇਸਦੀ ਹੱਦ ਤੋਂ ਵੱਧ ਵਰਤੋ ਕੀਤੀ ਜਾਵੇ, ਬੱਚਿਆਂ ਦਾ ਬਚਪਨ ਇਸ ਵਿੱਚ ਕੈਦ ਹੋ ਜਾਵੇ ਅਤੇ ਕਿਸ਼ੋਰਾਂ ਤੋਂ ਜੀਵਨ ਦਾ ਉਦੇਸ਼ ਖੋਹ ਲਵੇ ਤਾਂ ਇਹ ਆਧੁਨਿਕ ਸਮਾਜ ਲਈ ਖ਼ਤਰੇ ਦੀ ਘੰਟੀ ਹੈ।ਅੱਜ ਦੇ ਸਮੇਂ ਦੀ ਲੋੜ ਹੈ ਕਿ ਮੁਬਾਇਲ ਅਤੇ ਬੱਚੇ ਵਿਚਕਾਰ ਸੰਤੁਲਨ ਬਣਾਇਆ ਜਾਵੇ। ਅੰਤ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅੱਜ ਦੀ ਲੜਾਈ ਮੁਬਾਈਲ ਸਕਰੀਨ ਨਾਲ ਨਹੀਂ, ਸਗੋਂ ਉਸਦੀ ਗਲਤ ਵਰਤੋਂ ਨਾਲ ਹੈ। ਜੇਕਰ ਮਾਪੇ, ਅਧਿਆਪਕ, ਸਰਕਾਰ ਅਤੇ ਸਮਾਜ ਮਿਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ, ਤਾਂ ਬਚਪਨ ਨੂੰ ਮੁੜ ਹੱਸਣ-ਖੇਡਣ ਦਾ ਮੌਕਾ ਮਿਲ ਸਕਦਾ ਹੈ ਕਿਉਂਕਿ ਜੇਕਰ ਬਚਪਨ ਸੁਰੱਖਿਅਤ ਨਹੀਂ, ਤਾਂ ਭਵਿੱਖ ਵੀ ਸੁਰੱਖਿਅਤ ਨਹੀ

**ਰਾਜ ਕੁਮਾਰ ਖੰਨਾ**
**(ਐੱਮ.ਏ.ਐੱਮ.ਫਿਲ.)**
**ਮੁਬਾਇਲ 9988401976**

# ਛੁੱਟੀਆਂ ਦੇ ਮਾਮਲੇ 'ਚ ਭਾਰਤੀਆਂ ਨੂੰ ਮੌਜਾਂ ਹੀ ਮੌਜਾਂ

## 42 ਸਰਕਾਰੀ ਛੁੱਟੀਆਂ ਨਾਲ ਸਿਖਰ 'ਤੇ ਹੈ ਭਾਰਤ

ਚੰਡੀਗੜ੍ਹ (ਏਜੰਸੀ)-ਦੁਨੀਆ ਭਰ ਦਾ ਛੁੱਟੀਆਂ ਦਾ ਕੈਲੰਡਰ ਸਿਰਫ਼ ਆਰਾਮ ਦੇ ਦਿਨ ਨਹੀਂ ਗਿਣਦਾ, ਇਹ ਵੀ ਦੱਸਦਾ ਹੈ ਕਿ ਕੋਈ ਦੇਸ਼ ਆਪਣੀ ਸੰਸਕ੍ਰਿਤੀ, ਧਰਮ ਤੇ ਕਾਰਜ-ਸੰਸਕ੍ਰਿਤੀ ਵਿਚਕਾਰ ਕਿਹੋ ਜਿਹਾ ਸੰਤੁਲਨ ਬਣਾਉਂਦਾ ਹੈ। ਸਾਲ 2026 ਲਈ ਜਾਰੀ ਵਿਸ਼ਵ ਛੁੱਟੀ ਸੂਚਕਾਂਕ 'ਚ ਭਾਰਤ 190 ਦੇਸ਼ਾਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ ਹੈ ਤੇ ਇਸ ਦੀ ਮੁੱਖ ਵਜ੍ਹਾ ਇਸ ਦੀ ਖ਼ੂਬਸੂਰਤ ਸੰਸਕ੍ਰਿਤੀ ਤੇ ਧਾਰਮਿਕ ਵਿਭਿੰਨਤਾ ਹੈ। ਭਾਰਤ 42 ਸਰਕਾਰੀ ਛੁੱਟੀਆਂ ਨਾਲ ਸਿਖਰ 'ਤੇ ਹੈ, ਜਦਕਿ ਵਿਸ਼ਵ ਔਸਤ ਕੇਵਲ 13 ਛੁੱਟੀਆਂ ਦਾ ਹੈ। ਇਸ ਦੇ ਉਲਟ ਅਮਰੀਕਾ 'ਚ ਸਰਕਾਰੀ ਛੁੱਟੀਆਂ ਦੀ ਗਿਣਤੀ ਵਿਸ਼ਵ ਔਸਤ ਤੋਂ ਵੀ ਘੱਟ ਹੈ। ਇਹ ਰਿਪੋਰਟ ਵੱਖ-ਵੱਖ ਦੇਸ਼ਾਂ ਦੇ ਸੰਸਕ੍ਰਿਤੀ, ਧਾਰਮਿਕ ਤੇ ਰਾਸ਼ਟਰੀ ਤਿਉਹਾਰਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਭਾਰਤ ਦੀ ਉੱਚ ਰੈਂਕਿੰਗ ਦਾ ਮੁੱਖ ਕਾਰਨ ਇੱਥੇ ਵਧੇਰੇ ਧਰਮਾਂ ਦੀ ਬਰਾਬਰੀ ਹੈ। ਇੱਥੇ ਹਿੰਦੂ, ਮੁਸਲਿਮ, ਇਸਾਈ, ਸਿੱਖ, ਬੋਧ ਤੇ ਜੈਨ ਸਮੇਤ ਹੋਰ ਧਰਮਾਂ ਅਤੇ ਭਾਈਚਾਰਿਆਂ ਦੇ ਤਿਉਹਾਰਾਂ 'ਤੇ ਰਾਸ਼ਟਰੀ ਜਾਂ ਖੇਤਰੀ ਛੁੱਟੀਆਂ ਦਿੱਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੀਆਂ ਲਗਭਗ 17 ਗਜ਼ਟਿਡ ਛੁੱਟੀਆਂ ਦੇ ਨਾਲ-ਨਾਲ ਰਾਜ ਸਰਕਾਰਾਂ ਵੱਲੋਂ ਦਿੱਤੀਆਂ ਸਥਾਨਕ ਛੁੱਟੀਆਂ ਨੂੰ ਜੋੜ ਕੇ ਇਹ ਗਿਣਤੀ ਲਗਭਗ 42 ਤੱਕ ਪਹੁੰਚ ਜਾਂਦੀ ਹੈ। ਇਹ ਪ੍ਰਣਾਲੀ ਸਿਰਫ਼ ਵਿਭਿੰਨਤਾ ਦਾ ਸਤਿਕਾਰ ਕਰਦੀ ਹੈ, ਸਗੋਂ ਸਮਾਜਿਕ ਸਮਰਸਤਾ ਨੂੰ ਵੀ ਮਜ਼ਬੂਤ ਬਣਾਉਂਦੀ ਹੈ। ਦੁਨੀਆ ਦੇ ਕਈ ਦੇਸ਼ ਵੀ ਅਨੇਕ ਧਰਮਾਂ ਦੇ ਪ੍ਰਮੁੱਖ ਤਿਉਹਾਰਾਂ ਨੂੰ ਸਰਕਾਰੀ ਛੁੱਟੀ ਵਜੋਂ ਮਾਨਤਾ ਦਿੰਦੇ ਹਨ। ਉਦਾਹਰਣ ਵਜੋਂ ਘੱਟੋ-ਘੱਟ 52 ਦੇਸ਼ਾਂ 'ਚ ਕ੍ਰਿਸਮਿਸ ਤੇ ਈਦ ਦੋਵੇਂ ਮੌਕਿਆਂ 'ਤੇ ਸਰਕਾਰੀ ਛੁੱਟੀ ਹੁੰਦੀ ਹੈ। ਇਨ੍ਹਾਂ ਵਿੱਚੋਂ 30 ਤੋਂ ਵੱਧ ਦੇਸ਼ ਅਫ਼ਰੀਕਾ ਮਹਾਂਦੀਪ ਦੇ ਹਨ, ਜਿੱਥੇ ਸੰਸਕ੍ਰਿਤੀ ਵਿਭਿੰਨਤਾ ਨੂੰ ਖਾਸ ਮਹੱਤਵ ਦਿੱਤਾ ਜਾਂਦਾ ਹੈ। 1 ਜਨਵਰੀ ਨੂੰ ਮਨਾਏ ਜਾਣ ਵਾਲੇ ਨਵੇਂ ਸਾਲ ਮੌਕੇ ਦੁਨੀਆ ਦੀ ਸਭ ਤੋਂ ਵੱਧ ਮਨਾਈ ਜਾਣ ਵਾਲੀ ਛੁੱਟੀ ਹੈ। 169 ਦੇਸ਼ਾਂ 'ਚ ਇਹ ਅਧਿਕਾਰਕ ਛੁੱਟੀ ਹੈ। ਇਸੇ ਤਰ੍ਹਾਂ 187 ਦੇਸ਼ਾਂ 'ਚ ਆਜ਼ਾਦੀ ਦਿਵਸ ਜਾਂ ਰਾਸ਼ਟਰੀ ਦਿਵਸ 'ਤੇ ਲਾਜ਼ਮੀ ਸਰਕਾਰੀ ਛੁੱਟੀ ਹੁੰਦੀ ਹੈ, ਜੋ ਦਰਸਾਉਂਦਾ ਹੈ ਕਿ ਰਾਸ਼ਟਰੀ ਪਛਾਣ ਅਜੇ ਵੀ ਵਿਸ਼ਵ ਪੱਧਰ 'ਤੇ ਸਭ ਤੋਂ ਸਾਂਝੀ ਭਾਵਨਾ ਹੈ। ਵੱਖ-ਵੱਖ ਦੇਸ਼ਾਂ 'ਚ ਸਰਕਾਰੀ ਛੁੱਟੀਆਂ ਦੀ ਗਿਣਤੀ ਦੇ ਹਿਸਾਬ ਨਾਲ ਭਾਰਤ 42, ਨਿਪਾਲ 35, ਮਿਆਂਮਾਰ 30, ਇਰਾਨ 26 ਤੇ ਸ੍ਰੀਲੰਕਾ 25 ਛੁੱਟੀਆਂ ਨਾਲ ਸਭ ਤੋਂ ਉੱਪਰ ਹਨ। ਇਸ ਦੇ ਉਲਟ ਬਰਤਾਨੀਆ 'ਚ 8-10, ਨੀਦਰਲੈਂਡ 'ਚ 9, ਮੈਕਸਿਕੋ 'ਚ 8 ਤੇ ਵਿਅਤਨਾਮ 'ਚ ਕੇਵਲ 6 ਸਰਕਾਰੀ ਛੁੱਟੀਆਂ ਦਾ ਪ੍ਰਬੰਧ ਹੈ। ਸਪਸ਼ਟ ਹੈ ਕਿ ਭਾਰਤ 'ਚ ਛੁੱਟੀਆਂ ਸਿਰਫ਼ ਆਰਾਮ ਦਾ ਮੌਕਾ ਨਹੀਂ, ਸਗੋਂ ਵੱਖ-ਵੱਖ ਪਰੰਪਰਾਵਾਂ ਦੇ ਤਿਉਹਾਰਾਂ ਦਾ ਜੀਵੰਤ ਮਾਧਿਅਮ ਹਨ। ਇੱਥੇ ਕੈਲੰਡਰ ਦਾ ਹਰ ਪੰਨਾ ਕਿਸੇ ਨਾ ਕਿਸੇ ਤਿਉਹਾਰ ਦੀ ਆਵਾਜ਼ ਨਾਲ ਆਉਂਦਾ ਹੈ ਅਤੇ ਇਹੀ ਇਸ ਦੀ ਸੱਭਿਆਚਾਰਕ ਵਿਰਾਸਤ ਅਤੇ ਅਮੀਰੀ ਦੀ ਅਸਲ ਪਹਿਚਾਣ ਹੈ।



# ਸੁਪਰੀਮ ਕੋਰਟ ਵੱਲੋਂ ਐੱਨ. ਸੀ. ਈ. ਆਰ. ਟੀ. ਪੁਸਤਕ 'ਤੇ ਪਾਬੰਦੀ

## ਵਿਵਾਦਿਤ ਅਧਿਆਏ 'ਡੂੰਘੀ' ਅਤੇ 'ਗਿਣੀਮਿੱਥੀ' ਸਾਜ਼ਿਸ਼ ਕਰਾਰ; ਅਗਲੀ ਸੁਣਵਾਈ 11 ਨੂੰ

ਨਵੀਂ ਦਿੱਲੀ (ਏਜੰਸੀ)-ਸੁਪਰੀਮ ਕੋਰਟ ਨੇ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਨ ਸੀ ਈ ਆਰ ਟੀ) ਦੀ ਅੱਠਵੀਂ ਜਮਾਤ ਦੀ ਸਮਾਜ ਵਿਗਿਆਨ ਦੀ ਪੁਸਤਕ 'ਤੇ 'ਮੁਕੰਮਲ ਰੋਕ' ਲਗਾ ਦਿੱਤੀ ਹੈ। ਕੋਰਟ ਨੇ ਕਿਹਾ ਕਿ ਇਸ ਪੁਸਤਕ ਦੇ ਪ੍ਰਕਾਸ਼ਨ, ਰੀਪ੍ਰਿੰਟ ਤੇ ਡਿਜੀਟਲ ਪ੍ਰਸਾਰ 'ਤੇ ਰੋਕ ਰਹੇਗੀ। ਕੋਰਟ ਨੇ ਕਿਤਾਬ ਵਿੱਚ ਨਿਆਂਇਕ ਭ੍ਰਿਸ਼ਟਾਚਾਰ ਬਾਰੇ ਅਧਿਆਏ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਗੋਲੀ ਚੱਲੀ ਹੈ ਤੇ ਸੰਸਥਾ ਲਹੂ-ਲੁਹਾਨ ਹੈ। ਕੋਰਟ ਨੇ ਇਸ ਨੂੰ 'ਡੂੰਘੀ' ਤੇ 'ਗਿਣੀਮਿੱਥੀ' ਸਾਜ਼ਿਸ਼ ਕਰਾਰ ਦਿੱਤਾ। ਬੈਂਚ ਵੱਲੋਂ ਇਸ ਮਾਮਲੇ ਵਿੱਚ ਅਗਲੇਰੀ ਸੁਣਵਾਈ 11 ਮਾਰਚ ਨੂੰ ਕੀਤੀ ਜਾਵੇਗੀ। ਉਧਰ, ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਪੁਸਤਕ ਵਿੱਚ ਵਿਵਾਦਿਤ ਅਧਿਆਏ ਸ਼ਾਮਲ ਕੀਤੇ ਜਾਣ 'ਤੇ ਦੁੱਖ ਜਤਾਉਂਦਿਆਂ ਜਵਾਬਦੇਹੀ ਨਿਰਧਾਰਿਤ ਕਰਨ ਤੇ ਸਬੰਧਤਾਂ ਖਿਲਾਫ਼ ਕਾਰਵਾਈ ਦਾ ਵਾਅਦਾ ਕੀਤਾ ਹੈ। ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਇਹ ਨਿਆਂਪਾਲਿਕਾ ਦੇ ਗੌਰਵ ਨੂੰ ਸੱਟ ਮਾਰਨ ਤੇ ਇਸ ਨੂੰ ਕਮਜ਼ੋਰ ਕਰਨ ਦੀ ਯੋਜਨਾਬੱਧ ਸਾਜ਼ਿਸ਼ ਲੱਗਦੀ ਹੈ। ਸੁਪਰੀਮ ਕੋਰਟ ਨੇ ਹਦਾਇਤ ਦਿੱਤੀ ਕਿ ਪੁਸਤਕ ਦੀਆਂ




ਸਾਰੀਆਂ ਕਾਪੀਆਂ- ਫਿਜ਼ੀਕਲ ਤੇ ਡਿਜੀਟਲ, ਨੂੰ ਬਿਨਾਂ ਕਿਸੇ ਦੇਰੀ ਦੇ ਕਬਜ਼ੇ ਵਿੱਚ ਲਿਆ ਜਾਵੇ ਤੇ ਲੋਕਾਂ ਦੀ ਪਹੁੰਚ ਤੋਂ ਦੂਰ ਕੀਤਾ ਜਾਵੇ। ਬੈਂਚ ਨੇ ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਅਤੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕਰਦਿਆਂ ਸਵਾਲ ਕੀਤਾ ਕਿ ਵਿਵਾਦਿਤ ਅਧਿਆਏ ਸ਼ਾਮਲ ਕਰਨ ਵਾਲੇ ਵਿਅਕਤੀਆਂ ਖਿਲਾਫ਼ ਕਾਰਵਾਈ ਕਿਉਂ ਨਾ ਕੀਤੀ ਜਾਵੇ। ਬੈਂਚ, ਜਿਸ ਵਿੱਚ ਜਸਟਿਸ ਜੋਇਮਾਲਿਆ ਬਾਗਚੀ ਤੇ ਜਸਟਿਸ ਵਿਪੁਲ ਐੱਮ ਪੰਚੋਲੀ ਵੀ ਸ਼ਾਮਲ ਸਨ, ਨੇ ਕਿਹਾ ਕਿ 'ਐਕਸਪਲੋਰਿੰਗ ਸੁਸਾਇਟੀ: ਇੰਡੀਆ ਐਂਡ ਬਿਓਂਡ' (ਵੋਲਿਊਮ 99) ਸਿਰਲੇਖ ਵਾਲੀ ਪੁਸਤਕ ਦੇ ਪ੍ਰਕਾਸ਼ਨ, ਮੁੜ ਪ੍ਰਕਾਸ਼ਨ ਜਾਂ ਡਿਜੀਟਲ ਪ੍ਰਸਾਰ 'ਤੇ ਪੂਰੀ ਤਰ੍ਹਾਂ ਰੋਕ ਰਹੇਗੀ। ਚੇਤੇ ਰਹੇ ਕਿ ਸੁਪਰੀਮ ਕੋਰਟ ਦੀਆਂ ਤਲਖ਼ ਟਿੱਪਣੀਆਂ ਮਗਰੋਂ ਐੱਨ ਸੀ ਈ ਆਰ ਟੀ ਨੇ ਲੰਘੇ ਦਿਨ ਹੀ ਆਪਣੀ ਵੈੱਬਸਾਈਟ ਤੋਂ ਪੁਸਤਕ ਹਟਾ ਲਈ ਸੀ। ਸਿਖਰਲੀ ਅਦਾਲਤ ਨੇ ਚਿਤਾਵਨੀ ਦਿੱਤੀ ਕਿ ਇਲੈਕਟ੍ਰੌਨਿਕ ਮਾਧਿਅਮ ਜਾਂ ਸਮਾਨ ਵਿਸ਼ਾ-ਵਸਤੂ ਵਾਲੇ ਬਦਲਵੇਂ ਸਿਰਲੇਖਾਂ ਰਾਹੀਂ ਉਪਰੋਕਤ ਹੁਕਮਾਂ ਦੀ ਅਵੱਗਿਆ ਦੀ ਕਿਸੇ ਵੀ ਕੋਸ਼ਿਸ਼ ਨੂੰ ਸਿੱਧੀ ਦਖਲਅੰਦਾਜ਼ੀ, ਜਾਣਬੁੱਝ ਕੇ ਉਲੰਘਣਾ ਅਤੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਮੰਨਿਆ ਜਾਵੇਗਾ। ਸੀ ਜੇ ਆਈ ਨੇ ਕਿਹਾ, "ਸੰਸਥਾ ਦਾ ਮੁਖੀ ਹੋਣ ਦੇ ਨਾਤੇ ਮੇਰਾ ਫ਼ਰਜ਼ ਬਣਦਾ ਹੈ ਕਿ ਪਤਾ ਕਰਾਂ ਕਿ ਇਸ ਲਈ ਕੌਣ ਜ਼ਿੰਮੇਵਾਰ ਹੈ; ਸਜ਼ਾ ਮਿਲਣੀ ਚਾਹੀਦੀ ਹੈ।" ਬੈਂਚ ਨੇ ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਨੂੰ ਹਦਾਇਤ ਦਿੱਤੀ ਹੈ ਕਿ ਉਹ ਉਨ੍ਹਾਂ ਮੀਟਿੰਗਾਂ ਦੇ ਮਿਨਟਸ ਦੇ ਅਸਲ ਰਿਕਾਰਡ ਪੇਸ਼ ਕਰਨ, ਜਿੱਥੇ ਵਿਵਾਦਿਤ ਅਧਿਆਏ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਬੈਂਚ ਨੇ ਅਧਿਆਏ ਦਾ ਖਰੜਾ ਤਿਆਰ ਕਰਨ ਵਾਲੀ ਟੀਮ ਦੇ ਨਾਮ ਤੇ ਦਸਤਾਵੇਜ਼ ਵੀ ਮੰਗੇ।

### ਨਿਆਂਪਾਲਿਕਾ ਦਾ ਸਤਿਕਾਰ ਕਰਦੇ ਹਾਂ: ਭਾਜਪਾ

ਨਵੀਂ ਦਿੱਲੀ: ਭਾਜਪਾ ਨੇ ਐੱਨ ਸੀ ਈ ਆਰ ਟੀ ਦੀ ਪਾਠ ਪੁਸਤਕ ਵਿੱਚ ਨਿਆਂਇਕ ਭ੍ਰਿਸ਼ਟਾਚਾਰ ਦੀ ਗੱਲ ਕਰਦੇ ਵਿਵਾਦਿਤ ਅਧਿਆਏ ਨੂੰ 'ਸੰਵੇਦਨਸ਼ੀਲ ਮਸਲਾ' ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਉਹ ਦੇਸ਼ ਦੀ ਨਿਆਂਪਾਲਿਕਾ ਦਾ ਸਤਿਕਾਰ ਕਰਦੀ ਹੈ ਤੇ ਇਸ ਦੇ ਨਿਰਪੱਖ ਕੰਮਕਾਜ 'ਤੇ ਮਾਣ ਹੈ।

# ਪੰਜਾਬ ਵਿੱਚ ਜਨਗਣਨਾ 2027 ਦਾ ਪਹਿਲਾ ਪੜਾਅ 15 ਮਈ ਤੋਂ ਹੋਵੇਗਾ ਸ਼ੁਰੂ; 30 ਅਪ੍ਰੈਲ ਤੋਂ ਸ਼ੁਰੂ ਹੋਵੇਗੀ ਸਵੈ-ਗਣਨਾ

## ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਦੀ ਅਗਵਾਈ ਹੇਠ ਜਨਗਣਨਾ 2027 ਦੇ ਸਬੰਧ ਵਿੱਚ ਕਰਵਾਈ ਸੂਬਾ ਪੱਧਰੀ ਕਾਨਫਰੰਸ




ਐਸ. ਕੇ. ਸਕਸੈਨਾ

ਚੰਡੀਗੜ੍ਹ, ਜਨਗਣਨਾ 2027 ਦੇ ਪਹਿਲੇ ਪੜਾਅ (ਘਰਾਂ ਦੇ ਸੂਚੀਕਰਨ) ਬਾਰੇ ਡਿਪਟੀ ਕਮਿਸ਼ਨਰਾਂ ਅਤੇ ਨਗਰ ਨਿਗਮ ਕਮਿਸ਼ਨਰਾਂ ਲਈ ਅੱਜ ਹੋਟਲ ਮਾਊਂਟ ਵਿਊ, ਚੰਡੀਗੜ੍ਹ ਵਿਖੇ ਇੱਕ ਰੋਜ਼ਾ ਰਾਜ ਪੱਧਰੀ ਕਾਨਫਰੰਸ ਕਰਵਾਈ ਗਈ। ਇਹ ਕਾਨਫਰੰਸ ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਅਤੇ ਡਾਇਰੈਕਟੋਰੇਟ ਜਨਗਣਨਾ ਸੰਚਾਲਨ, ਪੰਜਾਬ ਵੱਲੋਂ ਸਾਂਝੇ ਤੌਰ 'ਤੇ ਮੁੱਖ ਸਕੱਤਰ ਪੰਜਾਬ ਸ੍ਰੀ ਕੇ.ਏ.ਪੀ. ਸਿਨਹਾ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਇਸ ਕਾਨਫਰੰਸ ਦਾ ਉਦੇਸ਼ ਪੰਜਾਬ ਵਿੱਚ 15 ਮਈ, 2026 ਤੋਂ 13 ਜੂਨ, 2026 ਤੱਕ ਕਰਵਾਈ ਜਾਣ ਵਾਲੇ ਜਨਗਣਨਾ 2027 ਦੇ ਪਹਿਲੇ ਪੜਾਅ ਅਧੀਨ ਘਰਾਂ ਦੇ ਸੂਚੀਕਰਨ ਅਤੇ ਮਕਾਨ ਜਨਗਣਨਾ ਲਈ ਖੇਤਰ ਪੱਧਰੀ ਪ੍ਰਸ਼ਾਸਕੀ ਮੁਖੀਆਂ ਨੂੰ ਪ੍ਰਕਿਰਿਆ ਤੋਂ ਜਾਣੂ ਕਰਵਾਉਣਾ ਸੀ। ਇਸ ਕਾਰਜ ਦੌਰਾਨ ਘਰਾਂ ਦੇ ਸੂਚੀਕਰਨ ਦੇ ਸਵੈ-ਗਣਨਾ ਦਾ ਬਦਲ ਵੀ ਦਿੱਤਾ ਜਾਵੇਗਾ ਜੋ ਕਿ 30 ਅਪ੍ਰੈਲ, 2026 ਤੋਂ 14 ਮਈ, 2026 ਤੱਕ ਜਨਤਾ ਲਈ ਉਪਲਬਧ ਹੋਵੇਗਾ। ਜਨਗਣਨਾ 2027 ਦਾ ਦੂਜਾ ਪੜਾਅ ਫਰਵਰੀ 2027 ਵਿੱਚ ਸ਼ੁਰੂ ਕੀਤਾ ਜਾਵੇਗਾ। ਆਪਣੇ ਉਦਘਾਟਨੀ ਸੰਬੋਧਨ ਵਿੱਚ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਨੇ ਜਨਗਣਨਾ ਦੇ ਕੌਮੀ ਮਹੱਤਵ 'ਤੇ ਚਾਨਣਾ ਪਾਇਆ ਜਿਸ ਵਿੱਚ ਸਬੂਤ ਅਧਾਰਤ ਪ੍ਰਸ਼ਾਸਨ, ਭਲਾਈ ਯੋਜਨਾਵਾਂ ਅਤੇ ਸਰੋਤਾਂ ਦੀ ਸਮਾਨ ਵੰਡ 'ਤੇ ਜ਼ੋਰ ਦਿੱਤਾ ਗਿਆ। ਪਾਰਦਰਸ਼ਤਾ, ਅੰਕੜਿਆਂ ਦੀ ਸਟੀਕਤਾ ਅਤੇ ਸਮਾਂ-ਸੀਮਾਵਾਂ ਦੀ ਸਖ਼ਤੀ ਨਾਲ ਪਾਲਣਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਸੁਚੱਜੀ ਯੋਜਨਾਬੰਦੀ ਅਤੇ ਨਿਰਵਿਘਨ ਅੰਤਰ-ਵਿਭਾਗੀ ਤਾਲਮੇਲ ਨੂੰ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਨਗਣਨਾ 2027 ਦੌਰਾਨ ਸਟੀਕਤਾ, ਡਿਜੀਟਲ ਪ੍ਰਕਿਰਿਆ ਅਤੇ ਪ੍ਰਸ਼ਾਸਕੀ ਅਨੁਸ਼ਾਸਨ ਸਬੰਧੀ ਨਵੇਂ ਮਾਪਦੰਡ ਸਥਾਪਤ ਕੀਤੇ ਜਾਣਗੇ। ਇਸ ਮੌਕੇ ਮੁੱਖ ਸਕੱਤਰ ਨੇ ਜਨਗਣਨਾ 2027 ਦਾ ਪੰਜਾਬੀ ਲੋਗੋ ਦਾ ਵੀ ਜਾਰੀ ਕੀਤਾ। ਉਨ੍ਹਾਂ ਨੇ ਜਨਗਣਨਾ ਦੇ ਉਦੇਸ਼ਾਂ ਲਈ ਅੱਪਡੇਟ ਕੀਤੇ ਮਾਲੀਆ ਨਕਸ਼ੇ (ਜ਼ਿਲ੍ਹੇ ਅਤੇ ਤਹਿਸੀਲਾਂ) ਅਤੇ ਸ਼ਹਿਰੀ ਸਥਾਨਕ ਇਕਾਈਆਂ ਦੇ ਨਕਸ਼ੇ ਵੀ ਜਾਰੀ ਕੀਤੇ। ਇਸ ਦੌਰਾਨ ਡਾਇਰੈਕਟਰ, ਸੈਂਸਜ਼ ਆਪਰੇਸ਼ਨਜ਼, ਪੰਜਾਬ ਡਾ. ਨਵਜੋਤ ਖੋਸਾ ਨੇ ਅਧਿਕਾਰੀਆਂ ਨੂੰ ਜਨਗਣਨਾ 2027 ਲਈ ਰੋਡਮੈਪ ਅਤੇ ਰਣਨੀਤਕ ਢਾਂਚੇ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਜਨਗਣਨਾ ਐਕਟ, 1948 ਅਤੇ ਜਨਗਣਨਾ ਨਿਯਮ, 1990 ਦੇ ਅਧੀਨ ਵਿਧਾਨਕ ਆਦੇਸ਼ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਇਕਸਾਰ ਕੌਮੀ ਮਾਪਦੰਡਾਂ, ਪਰਿਭਾਸ਼ਾਵਾਂ ਅਤੇ ਪ੍ਰਕਿਰਿਆਵਾਂ ਦੀ ਸਖ਼ਤੀ ਨਾਲ ਪਾਲਣਾ 'ਤੇ ਜ਼ੋਰ ਦਿੱਤਾ।

# ਨਿਊਜ਼ੀਲੈਂਡ ਤੋਂ ਬਾਅਦ ਆਸਟਰੇਲੀਆ 'ਚ ਵੀ ਹੋਇਆ ਪੰਜਾਬੀਆਂ ਦਾ ਵਿਰੋਧ

## ਦੇਸ਼ ਛੱਡ ਜਾਣ ਦੀ ਦਿੱਤੀ ਧਮਕੀ




ਸਿਡਨੀ (ਏਜੰਸੀ)-ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਨੂੰ ਰੋਕਣ ਤੋਂ ਬਾਅਦ, ਆਸਟਰੇਲੀਆ ਵਿੱਚ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਆਸਟਰੇਲੀਆਈ ਕੱਟੜਪੰਥੀ ਨੇਤਾ ਥਾਮਸ ਸੇਵੇਲ ਨੇ ਦੇਸ਼ ਛੱਡਣ ਦੀ ਧਮਕੀ ਦਿੱਤੀ ਹੈ। ਕੱਲ੍ਹ (23 ਫਰਵਰੀ), ਸੇਵੇਲ ਨੇ ਕਿਹਾ, ਅਸੀਂ ਨਹੀਂ ਚਾਹੁੰਦੇ ਕਿ ਆਸਟਰੇਲੀਆ ਭਾਰਤ ਜਾਂ ਸੁਡਾਨ ਬਣੇ। ਸੇਵੇਲ ਨੇ ਕਿਹਾ ਕਿ ਭਾਰਤੀਆਂ ਨੂੰ ਦੇਸ਼ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਆਸਟਰੇਲੀਆ ਸਿਰਫ ਗੋਰਿਆਂ ਦਾ ਹੈ। ਉਸ ਨੇ ਭਾਰਤੀਆਂ ਨੂੰ ਘਟੀਆ ਕਿਹਾ ਅਤੇ ਉਨ੍ਹਾਂ ਨੂੰ ਕੱਢਣ ਦੀ ਮੰਗ ਕੀਤੀ। ਹਾਲਾਂਕਿ, ਆਸਟਰੇਲੀਆਈ ਸਰਕਾਰ ਨੇ ਸੇਵੇਲ ਦੇ ਬਿਆਨ ਨੂੰ ਰੱਦ ਕਰ ਦਿੱਤਾ ਹੈ ਅਤੇ ਆਸਟਰੇਲੀਆ ਵਿੱਚ ਰਹਿ ਰਹੇ 2,00,000 ਤੋਂ ਵੱਧ ਪੰਜਾਬੀ ਸਿੱਖਾਂ ਅਤੇ 10 ਲੱਖ ਭਾਰਤੀਆਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਹੈ। ਗ੍ਰਹਿ ਮੰਤਰੀ ਟੋਨੀ ਬਰਕ ਨੇ ਸਪੱਸ਼ਟ ਕੀਤਾ ਹੈ ਕਿ ਨਫ਼ਰਤ ਫੈਲਾਉਣ ਵਾਲਿਆਂ 'ਤੇ ਨਵੇਂ ਨਫ਼ਰਤ ਭਰੇ ਭਾਸ਼ਣ ਕਾਨੂੰਨ ਤਹਿਤ ਮੁਕੱਦਮਾ ਚਲਾਇਆ ਜਾਵੇਗਾ। ਸਰਕਾਰ ਨੇ ਕਿਹਾ ਕਿ ਥਾਮਸ ਸੇਵੇਲ ਆਸਟਰੇਲੀਆ ਵਿੱਚ ਨਸਲਵਾਦ ਅਤੇ ਕੱਟੜਤਾ ਦਾ ਚਿਹਰਾ ਹੈ। ਮੈਲਬੌਰਨ ਦੀ ਇੱਕ ਅਦਾਲਤ ਦੇ ਬਾਹਰ, ਸੇਵੇਲ ਨੇ ਭਾਰਤੀਆਂ ਨੂੰ ਪੀਆਰ ਦੇਣ ਦਾ ਵਿਰੋਧ ਕੀਤਾ। ਉਸ ਨੇ ਖੁੱਲ੍ਹ ਕੇ ਕਿਹਾ ਹੈ ਕਿ ਉਹ ਆਸਟਰੇਲੀਆ ਨੂੰ ਤੀਜੀ ਦੁਨੀਆਂ ਦਾ ਦੇਸ਼ ਬਣਨ ਤੋਂ ਰੋਕਣਾ ਚਾਹੁੰਦਾ ਹੈ ਅ ਤੇ ਲਗਭਗ 10 ਲੱਖ ਭਾਰਤੀਆਂ ਦੇ ਦੇਸ਼ ਨਿਕਾਲਾ ਦਾ ਸਮਰਥਨ ਕਰਦਾ ਹੈ।

# ਡੇਰਾ ਕੁੱਲੀਆਂ ਪਿੰਡ ਮੋਰੋਂ ਦਾ ਸਾਲਾਨਾ ਭੰਡਾਰਾ ਸਮਾਗਮ 6 ਤੋਂ

ਫਿਲੌਰ (ਪੰਕਜ)-ਕਸਬਾ ਅੱਪਰਾ ਦੇ ਨਜ਼ਦੀਕ ਪਿੰਡ ਮੋਰੋਂ ਵਿਖੇ ਸਥਿਤ ਡੇਰਾ ਕੁੱਲੀਆਂ ਵਿਖੇ ਸੰਤ ਹਰਨਾਮ ਦਾਸ ਦੀ ਨਿੱਘੀ ਯਾਦ ਨੂੰ ਸਮਰਪਿਤ 63ਵਾਂ ਸਲਾਨਾ ਭੰਡਾਰਾ ਸਮਾਗਮ ਮਿਤੀ 6-7-8 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਸੰਤ ਨਿਰੰਤਰ ਪ੍ਰਕਾਸ਼ ਤੇ ਪ੍ਰਬੰਧਕ ਰਣਵੀਰ ਸਿੰਘ ਕੰਦੋਲਾ, ਬਲਵਿੰਦਰ ਸਿੰਘ ਅੱਪਰਾ, ਬੀਬੀ ਜਗਜੀਤ ਕੌਰ, ਰਣਜੀਤ ਕੌਰ ਫਗਵਾੜਾ ਅਤੇ ਮਨਜੀਤ ਕੌਰ ਲੁਧਿਆਣਾ ਨੇ ਦੱਸਿਆ ਕੀ ਮਿਤੀ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ 8 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਅਤੇ ਕਥਾ ਵਿਚਾਰਾ ਹੋਣਗੀਆਂ। ਇਸੇ ਦੌਰਾਨ ਦੇਸੀ ਘਿਓ 'ਚ ਤਿਆਰ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ ਅਤੇ ਮਾਹਿਰ ਡਾਕਟਰਾਂ ਦੀਆਂ ਵੱਖ-ਵੱਖ ਟੀਮਾਂ ਵੱਲੋਂ ਮੈਡੀਕਲ, ਅੱਖਾਂ ਅਤੇ ਹੱਡੀਆਂ ਦੇ ਚੈੱਕਅਪ ਕੈਂਪ ਲਾਏ ਜਾਣਗੇ, ਜਿਸ 'ਚ ਦਵਾਈਆਂ ਤੇ ਟੈੱਸਟ ਮੁਫ਼ਤ ਹੋਣਗੇ।

# ਰਾਹੁਲ ਦੀ ਰੈਲੀ ਨੂੰ ਲੈ ਕੇ ਵਰਕਰਾਂ 'ਚ ਭਾਰੀ ਉਤਸ਼ਾਹ-ਭੱਲਾ, ਜੋਸ਼ੀ

ਜਲੰਧਰ (ਮਨਦੀਪ ਕੌਰ)-ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਸ੍ਰੀ ਅਸ਼ਵਨ ਭੱਲਾ, ਯੂਥ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਹਨੀ ਜੋਸ਼ੀ ਤੇ ਸੀਨੀਅਰ ਆਗੂ ਸੁੱਖਾ ਸ਼ੇਰਗਿੱਲ ਨੇ ਰਾਹੁਲ ਗਾਂਧੀ ਦੀ 28 ਫਰਵਰੀ ਨੂੰ ਬਰਨਾਲਾ ਵਿਖੇ ਹੋਣ ਜਾ ਰਹੀ ਰੈਲੀ ਨੂੰ ਇਤਿਹਾਸਿਕ ਦੱਸਦੇ ਹੋਏ ਕਿਹਾ ਕਿ ਰੈਲੀ ਨੂੰ ਲੈ ਕੇ ਵਰਕਰਾਂ ਅੰਦਰ ਭਾਰੀ ਉਤਸ਼ਾਹ ਹੈ। ਬਰਨਾਲਾ ਵਿਖੇ ਰੈਲੀ ਦੀਆਂ ਤਿਆਰੀਆਂ 'ਚ ਰੁੱਝੇ ਹੋਏ ਆਗੂਆਂ ਨੇ ਕਿਹਾ ਕਿ ਰੈਲੀ 'ਚ ਪੰਜਾਬ ਦੇ ਕੋਨੈ-ਕੋਨੇ ਤੋਂ ਜਿੱਥੇ ਪਾਰਟੀ ਵਰਕਰ ਵੱਡੀ ਗਿਣਤੀ ਪੁੱਜਣਗੇ, ਉਥੇ ਮਨਰੇਗਾ ਮਜ਼ਦੂਰ ਵੀ ਭਾਰੀ ਗਿਣਤੀ 'ਚ ਸ਼ਾਮਿਲ ਹੋਣਗੇ । ਸ੍ਰੀ ਅਸ਼ਵਨ ਭੱਲਾ ਤੇ ਹਨੀ ਜੋਸ਼ੀ ਨੇ ਕਿਹਾ ਕਿ ਰੈਲੀ ਦੀਆਂ ਤਿਆਰੀਆਂ ਲਈ ਪਾਰਟੀ ਆਗੂਆਂ ਵਲੋਂ ਕੀਤੀਆਂ ਜਾ ਰਹੀਆਂ ਮੀਟਿੰਗਾਂ ਰੈਲੀਆਂ ਦਾ ਰੂਪ ਧਾਰ ਰਹੀਆਂ ਹਨ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰੈਲੀ 'ਚ ਰਿਕਾਰਡਤੋੜ ਇਕੱਠ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਰੈਲੀ ਜਿਥੇ ਪੰਜਾਬ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ, ਉੱਥੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਲੋਂ ਸੱਤਾ 'ਚ ਵਾਪਸੀ ਦੇ ਦੇਖੇ ਜਾ ਰਹੇ ਸੁਪਨਿਆਂ 'ਤੇ ਵੀ ਪਾਣੀ ਫੇਰ ਦੇਵੇਗੀ। ਉਨ੍ਹਾਂ ਕਿਹਾ ਕਿ ਸਾਲ 2027 'ਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਸ਼ਾਨਦਾਰ ਜਿੱਤ ਹਾਸਿਲ ਕਰਕੇ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਇਸ ਰੈਲੀ 'ਚ ਜਲੰਧਰ ਤੋਂ ਵੀ ਵੱਡੀ ਗਿਣਤੀ 'ਚ ਆਗੂ ਤੇ ਵਰਕਰ ਸ਼ਾਮਿਲ ਹੋਣਗੇ।

# ਏਅਰ ਟਿਕਟ ਕਿਰਾਇਆ ਵਾਪਸੀ ਨੇਮਾਂ 'ਚ ਸੋਧ

ਨਵੀਂ ਦਿੱਲੀ, ਏਜੰਸੀ

ਡੀ ਜੀ ਸੀ ਏ (ਡਾਇਰੈਕਟਰ ਜਨਰਲ ਸਿਵਲ ਐਵੀਏਸ਼ਨ) ਨੇ ਏਅਰਲਾਈਨ ਕੰਪਨੀਆਂ ਲਈ ਟਿਕਟ ਕਿਰਾਇਆ ਵਾਪਸੀ ਨਿਯਮਾਂ ਵਿਚ ਸੋਧ ਕੀਤੀ ਹੈ। ਇਸ ਤਹਿਤ ਯਾਤਰੀ ਹੁਣ ਕੁਝ ਸ਼ਰਤਾਂ ਅਧੀਨ ਬੁਕਿੰਗ ਦੇ 48 ਘੰਟਿਆਂ ਦੇ ਅੰਦਰ ਬਿਨਾਂ ਕਿਸੇ ਵਾਧੂ ਫੀਸ ਦੇ ਹਵਾਈ ਟਿਕਟ ਰੱਦ ਕਰ ਜਾਂ ਬਦਲ ਸਕਦੇ ਹਨ। ਨਿਯਮਾਂ ਵਿਚ ਸੋਧ ਕਰਦਿਆਂ ਡੀ ਜੀ ਸੀ ਏ ਨੇ ਇਹ ਵੀ ਕਿਹਾ ਕਿ ਜੇ ਯਾਤਰੀ ਬੁਕਿੰਗ ਦੇ 24 ਘੰਟਿਆਂ ਦੇ ਅੰਦਰ ਕਿਸੇ ਤਰ੍ਹਾਂ ਦੀ ਗ਼ਲਤੀ ਬਾਰੇ ਦੱਸਦਾ ਹੈ ਤੇ ਟਿਕਟ ਸਿੱਧੀ ਏਅਰਲਾਈਨ ਦੀ ਵੈੱਬਸਾਈਟ ਤੋਂ ਬੁੱਕ ਕੀਤੀ ਗਈ ਹੈ ਤਾਂ ਹਵਾਬਾਜ਼ੀ ਕੰਪਨੀਆਂ ਵੱਲੋਂ ਉਸੇ ਵਿਅਕਤੀ ਦੇ ਨਾਂ 'ਤੇ ਸੋਧ ਕਰਨ ਲਈ ਕੋਈ ਵਾਧੂ ਚਾਰਜ ਨਹੀਂ ਲਿਆ ਜਾਣਾ ਚਾਹੀਦਾ। ਟਰੈਵਲ ਏਜੰਟ/ਪੋਰਟਲ ਤੋਂ ਟਿਕਟ ਖਰੀਦਣ ਦੀ ਸਥਿਤੀ ਵਿਚ ਪੈਸੇ ਵਾਪਸੀ ਦੀ ਜ਼ਿੰਮੇਵਾਰੀ ਏਅਰਲਾਈਨ ਕੰਪਨੀਆਂ ਦੀ ਹੋਵੇਗੀ ਕਿਉਂਕਿ ਏਜੰਟ ਉਨ੍ਹਾਂ ਵੱਲੋਂ ਨਿਯੁਕਤ ਪ੍ਰਤੀਨਿਧੀ ਹੁੰਦੇ ਹਨ। ਕੰਪਨੀਆਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਪੈਸੇ ਵਾਪਸ ਕਰਨ ਦੀ ਪ੍ਰਕਿਰਿਆ 14 ਕੰਮਕਾਜੀ ਦਿਨਾਂ ਦੇ ਅੰਦਰ ਪੂਰੀ ਹੋ ਜਾਵੇ। ਇਸ ਤੋਂ ਇਲਾਵਾ, ਮੈਡੀਕਲ ਐਮਰਜੈਂਸੀ ਕਾਰਨ ਯਾਤਰੀਆਂ ਦੇ ਟਿਕਟ ਰੱਦ ਕਰਨ ਦੇ ਨਿਯਮਾਂ ਵਿਚ ਵੀ ਤਬਦੀਲੀ ਕੀਤੀ ਗਈ ਹੈ। ਡੀ ਜੀ ਸੀ ਏ ਅਨੁਸਾਰ ਇਹ ਸੋਧਾਂ ਰਿਫੰਡ ਸਬੰਧੀ ਵਧਦੀਆਂ ਯਾਤਰੀਆਂ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਕੀਤੀਆਂ ਗਈਆਂ ਹਨ। ਇਸ ਦੌਰਾਨ ਸਟਾਫ ਦੀ ਕਮੀ ਨਾਲ ਜੂਝ ਰਹੇ ਡੀ ਜੀ ਸੀ ਏ ਨੇ 38 ਮਾਹਿਰ (ਸਲਾਹਕਾਰ) ਭਰਤੀ ਕਰਨ ਦਾ ਫ਼ੈਸਲਾ ਕੀਤਾ ਹੈ।




# ਲੰਬੀ ਉਮਰ ਦਾ ਰਾਜ਼ ਫਾਈਬਰ ਭਰਪੂਰ ਖਾਣਾ

ਅਜੋਕੇ ਦੌਰ ਦੀ ਭੱਜ-ਦੌੜ ਭਰੀ ਅ ਜ਼ਿੰਦਗੀ ਅਤੇ ਬਦਲਦੇ ਖਾਣਾ ਪੀਣ ਦੇ ਤਰੀਕਿਆਂ ਨੇ ਮਨੁੱਖੀ ਸਿਹਤ ਨੂੰ ਕਈ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ। ਫਾਸਟ ਫੂਡ ਤੇ ਪ੍ਰੋਸੈਸਡ ਖਾਣਿਆਂ ਦੇ ਵੱਧਦੇ ਰੁਝਾਨ ਨੇ ਸਾਡੀ ਥਾਲੀ ਵਿੱਚੋਂ ਬਹੁਤ ਹੀ ਮਹੱਤਵਪੂਰਨ ਤੱਤ ਗਾਇਬ ਕਰ ਦਿੱਤਾ ਹੈ, ਜਿਸ ਨੂੰ ਫਾਈਬਰ ਜਾਂ ਰੇਸ਼ਾ ਕਿਹਾ ਜਾਂਦਾ ਹੈ। ਪਹਿਲਾਂ ਦੇ ਸਮਿਆਂ 'ਚ ਜਦੋਂ ਲੋਕ ਚੱਕੀ ਦਾ ਪੀਸਿਆ ਮੋਟਾ ਅਨਾਜ ਤੇ ਤਾਜ਼ੀਆਂ ਸਬਜ਼ੀਆਂ ਖਾਂਦੇ ਸਨ, ਤਾਂ ਫਾਈਬਰ ਕੁਦਰਤੀ ਤੌਰ 'ਤੇ ਉਨ੍ਹਾਂ ਦੀ ਖ਼ੁਰਾਕ ਦਾ ਹਿੱਸਾ ਹੁੰਦਾ ਸੀ। ਅੱਜ ਵਿਗਿਆਨ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਫਾਈਬਰ ਸਿਰਫ਼ ਪੇਟ ਸਾਫ਼ ਕਰਨ ਦਾ ਸਾਧਨ ਨਹੀਂ ਸਗੋਂ ਇਹ ਸ਼ੂਗਰ, ਦਿਲ ਦੇ ਰੋਗ ਤੇ ਮੋਟਾਪੇ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਅਹਿਮ ਢਾਲ ਹੈ।

ਸਿਹਤ ਲਈ ਫ਼ਾਇਦੇ

ਪਾਚਨ ਪ੍ਰਣਾਲੀ 'ਚ ਸੁਧਾਰ : ਫਾਈਬਰ ਦਾ ਸਭ ਤੋਂ ਵੱਡਾ ਗੁਣ ਕਬਜ਼ ਵਰਗੀ ਨਾਮੁਰਾਦ ਬਿਮਾਰੀ ਨੂੰ ਦੂਰ ਕਰਨਾ ਹੈ। ਇਹ ਮਲ ਨੂੰ ਨਰਮ ਬਣਾਉਂਦਾ ਹੈ ਤੇ ਆਂਦਰਾਂ ਦੀ ਹਰਕਤ ਨੂੰ ਨਿਯਮਿਤ ਕਰਦਾ ਹੈ। ਜਿਨ੍ਹਾਂ ਲੋਕਾਂ ਦੀ ਖ਼ੁਰਾਕ 'ਚ ਫਾਈਬਰ ਦੀ ਮਾਤਰਾ ਸਹੀ ਹੁੰਦੀ ਹੈ, ਉਨ੍ਹਾਂ ਨੂੰ ਬਵਾਸੀਰ ਤੇ ਆਂਦਰਾਂ ਦੀਆਂ ਹੋਰ ਸਮੱਸਿਆਵਾਂ ਹੋਣ ਦਾ ਖ਼ਤਰਾ ਬਹੁਤ ਘੱਟ ਹੁੰਦਾ ਹੈ।

ਸ਼ੂਗਰ ਦਾ ਕੰਟਰੋਲ : ਅੱਜ ਪੰਜਾਬ ਸਮੇਤ ਪੂਰਾ ਭਾਰਤ ਸ਼ੂਗਰ ਦੀ ਰਾਜਧਾਨੀ ਬਣਦਾ ਜਾ ਰਿਹਾ ਹੈ। ਫਾਈਬਰ ਖ਼ੂਨ ਵਿਚ ਸ਼ੂਗਰ ਦੇ ਜਜ਼ਬ ਹੋਣ ਦੀ ਰਫ਼ਤਾਰ ਨੂੰ ਹੌਲੀ ਕਰ ਦਿੰਦਾ ਹੈ। ਇਸ ਨਾਲ ਖਾਣਾ ਖਾਣ ਤੋਂ ਤੁਰੰਤ ਬਾਅਦ ਸ਼ੂਗਰ ਦਾ ਪੱਧਰ ਇਕਦਮ ਨਹੀਂ ਵਧਦਾ। ਖ਼ਾਸ ਕਰਕੇ ਟਾਈਪ-2 ਡਾਇਬਟੀਜ਼ ਦੇ ਮਰੀਜ਼ਾਂ ਲਈ ਫਾਈਬਰ ਰਾਮਬਾਣ ਇਲਾਜ ਹੈ।

ਦਿਲ ਦੀ ਸਿਹਤ ਤੇ ਕੋਲੈਸਟਰੋਲ : ਘੁਲਣਸ਼ੀਲ ਫਾਈਬਰ ਖ਼ੂਨ ਵਿਚ ਮਾੜੇ ਕੋਲੈਸਟਰੋਲ ਨੂੰ ਘਟਾਉਣ 'ਚ ਮਦਦ ਕਰਦਾ ਹੈ। ਇਹ ਸਰੀਰ ਵਿੱਚੋਂ ਵਾਧੂ ਚਰਬੀ ਨੂੰ ਬਾਹਰ ਕੱਢਣ 'ਚ ਸਹਾਈ ਹੁੰਦਾ ਹੈ, ਜਿਸ ਨਾਲ ਧਮਨੀਆਂ ਵਿਚ ਰੁਕਾਵਟ ਨਹੀਂ ਆਉਂਦੀ ਤੇ ਦਿਲ ਦੇ ਦੌਰੇ ਦਾ ਖ਼ਤਰਾ ਘਟਦਾ ਹੈ।



**ਭਾਰ ਘਟਾਉਣ 'ਚ ਮਦਦਗਾਰ:** ਜੇ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਫਾਈਬਰ ਤੁਹਾਡਾ ਸਭ ਤੋਂ ਚੰਗਾ ਦੋਸਤ ਹੈ। ਫਾਈਬਰ ਵਾਲਾ ਭੋਜਨ ਚਬਾਉਣ ਵਿਚ ਜ਼ਿਆਦਾ ਸਮਾਂ ਲੈਂਦਾ ਹੈ ਅਤੇ ਪੇਟ ਦੇ ਭਰੇ ਹੋਣ ਦਾ ਅਹਿਸਾਸ ਲੰਬੇ ਸਮੇਂ ਤਕ ਬਣਿਆ ਰਹਿੰਦਾ ਹੈ। ਇਸ ਨਾਲ ਤੁਸੀਂ ਵਾਰ-ਵਾਰ ਖਾਣ ਤੋਂ ਬਚ ਜਾਂਦੇ ਹੋ।

**ਮੁੱਖ ਸਰੋਤ** : ਸਾਨੂੰ ਆਪਣੇ ਭੋਜਨ 'ਚ ਵਿਭਿੰਨਤਾ ਲਿਆਉਣ ਦੀ ਲੋੜ ਹੈ। ਕੁਦਰਤ ਨੇ ਸਾਨੂੰ ਫਾਈਬਰ ਦੇ ਬਹੁਤ ਸਾਰੇ ਸਰੋਤ ਦਿੱਤੇ ਹਨ।

* ਸਾਬਤ ਅਨਾਜ : ਮੈਦੇ ਦੀ ਜਗ੍ਹਾ ਚੋਕਰ ਵਾਲਾ ਆਟਾ, ਬ੍ਰਾਊਨ ਰਾਈਸ, ਜੈ, ਬਾਜਰਾ ਅਤੇ ਓਟਸ ਦੀ ਵਰਤੋਂ ਕਰੋ।

ਦਾਲਾਂ ਤੇ ਫਲੀਆਂ: ਮਾਂਹ, ਛੋਲੇ, ਰਾਜਮਾਂਹ ਤੇ ਮੂੰਗੀ ਦੀ ਦਾਲ ਫਾਈਬਰ ਦਾ ਬਹੁਤ ਵਧੀਆ ਸਰੋਤ ਹਨ।

ਤਾਜ਼ੇ ਫਲ : ਸੇਬ, ਨਾਸ਼ਪਾਤੀ, ਅਮਰੂਦ ਅਤੇ ਸੰਤਰਾ ਫਾਈਬਰ ਨਾਲ ਭਰਪੂਰ ਹੁੰਦੇ ਹਨ। ਯਾਦ ਰੱਖੋ ਕਿ ਫਲਾਂ ਦਾ ਜੂਸ ਪੀਣ ਨਾਲੋਂ ਉਨ੍ਹਾਂ ਨੂੰ ਸਾਬਤ (ਛਿਲਕੇ ਸਮੇਤ, ਜਿੱਥੇ ਸੰਭਵ ਹੋਵੇ) ਖਾਣਾ ਜ਼ਿਆਦਾ ਫ਼ਾਇਦੇਮੰਦ ਹੈ।

ਹਰੀਆਂ ਸਬਜ਼ੀਆਂ : ਪਾਲਕ,ਬ੍ਰੋਕਲੀ, ਮਟਰ, ਗਾਜਰ ਅਤੇ ਸ਼ਲਗਮ ਨੂੰ ਆਪਣੀ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਬਣਾਓ।

ਸੁੱਕੇ ਮੇਵੇ ਤੇ ਬੀਜ : ਬਦਾਮ, ਅਖਰੋਟ, ਅਲਸੀ ਤੇ ਚੀਆ ਬੀਜਾਂ ਵਿਚ ਭਰਪੂਰ ਰੇਸ਼ਾ ਹੁੰਦਾ ਹੈ।

**ਕੁਝ ਸੁਝਾਅ** : ਬਹੁਤ ਸਾਰੇ ਲੋਕ ਇੱਕੋ ਦਿਨ 'ਚ ਬਹੁਤ ਸਾਰਾ ਫਾਈਬਰ ਖਾਣਾ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਪੇਟ ਵਿਚ ਗੈਸ ਜਾਂ ਮਰੋੜ ਉੱਠ ਸਕਦੇ ਹਨ।

ਹੌਲੀ-ਹੌਲੀ ਸ਼ੁਰੂਆਤ ਕਰੋ: ਹੌਲੀ-ਹੌਲੀ ਫਾਈਬਰ ਦੀ ਮਾਤਰਾ ਵਧਾਓ ਤਾਂ ਜੋ ਪਾਚਨ ਪ੍ਰਣਾਲੀ ਆਦੀ ਹੋ ਸਕੇ।

ਪਾਣੀ ਦੀ ਵਰਤੋਂ ਵਧਾਓ: ਫਾਈਬਰ ਉਦੋਂ ਹੀ ਚੰਗੀ ਤਰ੍ਹਾਂ ਕੰਮ ਕਰਦਾ ਹੈ, ਜਦੋਂ ਸਰੀਰ 'ਚ ਪਾਣੀ ਦੀ ਮਾਤਰਾ ਭਰਪੂਰ ਹੋਵੇ। ਦਿਨ 'ਚ ਘੱਟੋ-ਘੱਟ 8-10 ਗਲਾਸ ਪਾਣੀ ਜ਼ਰੂਰ ਪੀਓ।

ਛਿਲਕਾ ਨਾ ਉਤਾਰੋ: ਸਬਜ਼ੀਆਂ ਤੇ ਫਲਾਂ ਨੂੰ ਜਿੰਨਾ ਹੋ ਸਕੇ, ਛਿਲਕੇ ਸਮੇਤ ਖਾਓ ਕਿਉਂਕਿ ਜ਼ਿਆਦਾਤਰ ਫਾਈਬਰ ਛਿਲਕੇ 'ਚ ਹੀ ਹੁੰਦਾ ਹੈ।

### ਕੀ ਹੈ ਫਾਈਬਰ ?

ਤਕਨੀਕੀ ਭਾਸ਼ਾ 'ਚ ਫਾਈਬਰ ਪੌਦਿਆਂ 'ਤੇ ਆਧਾਰਿਤ ਭੋਜਨ ਦਾ ਉਹ ਹਿੱਸਾ ਹੈ, ਜਿਸ ਨੂੰ ਸਾਡਾ ਸਰੀਰ ਪੂਰੀ ਤਰ੍ਹਾਂ ਹਜ਼ਮ ਨਹੀਂ ਕਰ ਸਕਦਾ। ਜਿੱਥੇ ਪ੍ਰੋਟੀਨ, ਚਰਬੀ ਅਤੇ ਕਾਰਬੋਹਾਈਡੇਟਸ ਸਰੀਰ ਵਿਚ ਟੁੱਟ ਕੇ ਜਜ਼ਬ ਹੋ ਜਾਂਦੇ ਹਨ, ਉੱਥੇ ਫਾਈਬਰ ਸਾਡੀ ਪਾਚਨ ਪ੍ਰਣਾਲੀ 'ਚੋਂ ਲਗਪਗ ਬਿਨਾਂ ਬਦਲੇ ਲੰਘਦਾ ਹੈ। ਇਹ ਦੋ ਕਿਸਮਾਂ ਦਾ ਹੁੰਦਾ ਹੈ: ?

ਘੁਲਣਸ਼ੀਲ : ਜੋ ਪਾਣੀ ਚ ਘੁਲ ਕੇ ਸੈੱਲ ਵਰਗਾ ਪਦਾਰਥ ਬਣਾਉਂਦਾ ਹੈ, ਜਿਵੇਂ ਓਟਸ, ਦਾਲਾਂ।

ਅਣਘੁਲਣਸ਼ੀਲ : ਜੋ ਪਾਣੀ 'ਚ ਨਹੀਂ ਘੁਲਦਾ ਤੇ ਮਲ ਤਿਆਗ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਂਦਾ ਹੈ, ਜਿਵੇਂ ਕਣਕ ਦਾ ਚੋਕਰ, ਸਬਜ਼ੀਆਂ ਦੇ ਛਿਲਕੇ।

# ਡੇਰਾ ਬਿਆਸ ਮੁਖੀ ਹੁਣ ਸਿਆਸੀ ਆਗੂਆਂ ਨਾਲ ਤਸਵੀਰਾਂ ਨਹੀਂ ਕਰਵਾਉਣਗੇ



ਬਾਬਾ ਬਕਾਲਾ ਸਾਹਿਬ (ਪੰਕਜ)-ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਪ੍ਰਬੰਧਨ ਨੇ ਆਪਣੇ ਹੈੱਡਕੁਆਰਟਰ 'ਚ ਕਿਸੇ ਵੀ.ਆਈ.ਪੀ. ਦੀ ਆਮਦ ਦੌਰਾਨ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ 'ਤੇ ਪਾਬੰਦੀ ਲਗਾ ਦਿੱਤੀ ਹੈ। ਹਾਲਾਂਕਿ, ਇਸ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ ਪਰ ਇਹ ਪਤਾ ਲੱਗਾ ਹੈ ਕਿ ਇਹ ਕਦਮ ਡੇਰੇ ਦੀ ਅਧਿਆਤਮਿਕਤਾ ਅਤੇ ਪਵਿੱਤਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਲਿਆ ਗਿਆ ਹੈ। ਇਕ ਸੇਵਾਦਾਰ ਨੇ ਆਪਣਾ ਨਾਂਅ ਗੁਪਤ ਰੱਖਣ 'ਤੇ ਦੱਸਿਆ ਕਿ ਇਹ ਫੈਸਲਾ ਇਸ ਸੰਦਰਭ 'ਚ ਲਿਆ ਗਿਆ ਹੈ ਕਿ ਸਾਰੇ ਬਰਾਬਰ ਹਨ ਅਤੇ ਸੰਪਰਦਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਮਿਲਣ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕੋਈ ਵਿਸ਼ੇਸ਼ ਤਵੱਜੋਂ ਨਹੀਂ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਲਈ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਨਾਭਾ ਜੇਲ੍ਹ ਦੀ ਫੇਰੀ ਅਤੇ ਫਿਰ ਫਿਰੋਜ਼ਪੁਰ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਸ਼ਿਆਂ ਵਿਰੁੱਧ ਪੈਦਲ ਮਾਰਚ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਲੈ ਕੇ ਕਾਫ਼ੀ ਚਰਚਾ ਹੋਈ ਸੀ। ਇਨ੍ਹਾਂ ਘਟਨਾਵਾਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜਨੀਤਿਕ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ, ਜਿਸ ਨੂੰ ਲੈ ਕੇ ਵੱਖ-ਵੱਖ ਕਿਆਸਅਰਾਈਆਂ ਵੀ ਜ਼ੋਰਾਂ 'ਤੇ ਹਨ।

# ਵਿਸਾਖੀ ਮੌਕੇ 10 ਅਪ੍ਰੈਲ ਨੂੰ ਪਾਕਿ ਰਵਾਨਾ ਹੋਵੇਗਾ ਜਥਾ



## 14 ਨੂੰ ਹੋਵੇਗਾ ਮੁੱਖ ਸਮਾਗਮ ਅਤੇ 19 ਨੂੰ ਵਾਪਸੀ

ਅੰਮ੍ਰਿਤਸਰ (ਰਮਨ ਕੁਮਾਰ)-ਖ਼ਾਲਸਾ ਸਾਜਨਾ ਦਿਵਸ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਭਾਰਤੀ ਸਿੱਖ ਯਾਤਰੂਆਂ ਲਈ 10 ਦਿਨਾਂ ਦਾ ਵੀਜ਼ਾ ਜਾਰੀ ਕੀਤਾ ਜਾਵੇਗਾ। ਇਸ ਬਾਰੇ ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ ਨੇ ਯਾਤਰਾ ਦੀ ਸਮਾਂ ਸਾਰਣੀ ਸਾਂਝਾ ਕਰਦਿਆਂ ਦੱਸਿਆ ਕਿ 10 ਅਪ੍ਰੈਲ ਨੂੰ ਭਾਰਤੀ ਯਾਤਰੂਆਂ ਦੇ ਅਟਾਰੀ ਸਰਹੱਦ ਰਾਹੀਂ ਸੜਕ ਰਸਤੇ ਪੈਦਲ ਵਾਹਗਾ ਪਹੁੰਚਣ 'ਤੇ ਉਥੋਂ ਯਾਤਰੂਆਂ ਨੂੰ ਭਾਰੀ ਸੁਰੱਖਿਆ ਹੇਠ ਸਿੱਧਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਲਿਜਾਇਆ ਜਾਵੇਗਾ, ਜਿਥੇ 11 ਅਪ੍ਰੈਲ ਨੂੰ ਯਾਤਰੂ ਸਥਾਨਕ ਗੁਰਦੁਆਰਿਆਂ ਦੇ ਦਰਸ਼ਨ ਕਰਨਗੇ ਅਤੇ 12 ਅਪ੍ਰੈਲ ਨੂੰ ਜਥਾ ਫਾਰੂਖ਼ਾਬਾਦ ਸਥਿਤ ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਕਰਨ ਪਹੁੰਚੇਗਾ। ਉਸੇ ਰਾਤ ਜਥਾ ਬੱਸਾਂ ਰਾਹੀਂ ਹਸਨ ਅਬਦਾਲ ਪਹੁੰਚੇਗਾ ਅਤੇ 13 ਅਪ੍ਰੈਲ ਨੂੰ ਯਾਤਰੂ ਪੀਰ ਵਲੀ ਕੰਧਾਰੀ ਦੀ ਮਜ਼ਾਰ 'ਤੇ ਮੱਥਾ ਟੇਕਣ ਜਾਣਗੇ। 14 ਅਪ੍ਰੈਲ ਨੂੰ ਵਿਸਾਖੀ ਮੌਕੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ 'ਚ ਰੱਖੇ ਉਪਰੰਤ 15 ਅਪ੍ਰੈਲ ਨੂੰ ਜਥਾ ਜ਼ਿਲ੍ਹਾ ਅਖੰਡ ਪਾਠ ਦੇ ਭੋਗ ਨਾਰੋਵਾਲ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਹੁੰਚੇਗਾ। ਉਥੇ ਰਾਤ ਰੁਕਣ ਉਪਰੰਤ ਯਾਤਰੂ 17 ਅਪ੍ਰੈਲ ਨੂੰ ਏਮਨਾਬਾਦ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨਗੇ। ਉਸੇ ਰਾਤ ਲਾਹੌਰ ਗੁਰਦੁਆਰਾ ਡੇਰਾ ਸਾਹਿਬ ਪਹੁੰਚਣ ਉਪਰੰਤ ਯਾਤਰੂ 18 ਅਪ੍ਰੈਲ ਨੂੰ ਲਾਹੌਰ ਦੇ ਸਥਾਨਕ ਗੁਰਦੁਆਰਿਆਂ ਦੇ ਦਰਸ਼ਨ ਕਰਨਗੇ ਅਤੇ 19 ਅਪ੍ਰੈਲ ਨੂੰ ਉਨ੍ਹਾਂ ਨੂੰ ਭਾਰਤ ਲਈ ਰਵਾਨਾ ਕੀਤਾ ਜਾਵੇਗਾ।

# ਟਰੰਪ ਨੇ ਐਪਸਟੀਨ ਫਾਈਲਾਂ ਦੇ ਦਬਕੇ ਨਾਲ ਵਪਾਰ ਸਮਝੌਤਾ ਕੀਤਾ : ਰਾਹੁਲ

ਨਵੀਂ ਦਿੱਲੀ (ਏਜੰਸੀ)- ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਪਾਰ ਸਮਝੌਤਾ ਸਹੀਬੰਦ ਕਰਵਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਐਪਸਟੀਨ ਫਾਈਲਾਂ ਅਤੇ ਅਡਾਨੀ ਕੇਸ ਦਾ ਦਬਕਾ ਮਾਰਿਆ। ਵਪਾਰ ਸਮਝੌਤੇ 'ਚ ਭਾਰਤੀ ਕਿਸਾਨਾਂ ਦੇ ਹਿੱਤਾਂ ਦੀ ਬਲੀ ਦਿੱਤੀ ਗਈ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੰਨੂਰ ਜ਼ਿਲ੍ਹੇ ਦੇ ਪੇਰਾਵੂਰ 'ਚ ਕਿਸਾਨ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨੂੰ ਇਹ ਸੌਖੀ ਗੱਲ ਸਮਝ ਨਹੀਂ ਆ ਰਹੀ ਕਿ ਕਿਸਾਨ ਭਾਰਤ ਦੀ ਬੁਨਿਆਦ ਹਨ। ਆਈ ਟੀ ਤੇ ਹੋਰਨਾਂ ਖੇਤਰਾਂ ਬਾਰੇ ਲੰਮੇ ਚੌੜੇ ਲੈਕਚਰ ਦਿੱਤੇ ਗਏ, ਪਰ ਬੁਨਿਆਦ ਨੂੰ ਮਜ਼ਬੂਤ ਕੀਤੇ ਬਿਨਾਂ ਕੁਝ ਵੀ ਉਸਾਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ, "ਜੇ ਤੁਸੀਂ ਬੁਨਿਆਦ ਦਾ ਸਤਿਕਾਰ ਨਹੀਂ ਕਰਦੇ ਤਾਂ ਕੁਝ ਵੀ ਨਹੀਂ ਬਣਾ ਸਕਦੇ। ਜਿਨ੍ਹਾਂ ਲੋਕਾਂ ਨੇ ਬੁਨਿਆਦ ਰੱਖੀ, ਉਨ੍ਹਾਂ ਦਾ ਨਾ ਕੋਈ ਸਤਿਕਾਰ ਤੇ ਨਾ ਹੀ ਸੁਰੱਖਿਆ ਹੈ। ਅਸੀਂ ਰੋਜ਼ ਭੋਜਨ ਖਾਂਦੇ ਹਾਂ ਪਰ ਇਹ ਯਾਦ ਨਹੀਂ ਰੱਖਦੇ ਸਾਡੀ ਮੇਜ਼ ਤੱਕ ਇਸ ਨੂੰ ਕੌਣ ਲੈ ਕੇ ਆਇਆ। ਪ੍ਰਧਾਨ ਮੰਤਰੀ ਵੱਲੋਂ ਅਮਰੀਕੀ ਰਾਸ਼ਟਰਪਤੀ ਨਾਲ ਸਹੀਬੰਦ ਕੀਤਾ ਸਮਝੌਤਾ 'ਨੀਂਹ ਨੂੰ ਪੁੱਟ ਸੁੱਟਣ ਦੇ ਬਰਾਬਰ' ਹੈ।"



# ਮਜ਼ਦੂਰਾਂ ਦੇ ਬੱਚੇ ਹੁਣ ਲੈ ਸਕਣਗੇ ਦੋਹਰਾ ਵਜ਼ੀਫਾ

ਨਵੀਂ ਦਿੱਲੀ (ਏਜੰਸੀ)-ਕੇਂਦਰੀ ਮੰਤਰਾਲੇ ਨੇ ਗੈਰ-ਜਥੇਬੰਦਕ ਖੇਤਰ ਦੇ ਮਜ਼ਦੂਰਾਂ ਦੇ ਬੱਚਿਆਂ ਲਈ ਵਜ਼ੀਫਾ ਨਿਯਮਾਂ 'ਚ ਰਾਹਤ ਦਿੱਤੀ ਹੈ। ਹੁਣ ਕਿਰਤ ਭਲਾਈ ਸਕੀਮ ਤਹਿਤ ਵਜ਼ੀਫਾ ਲੈ ਰਹੇ ਵਿਦਿਆਰਥੀ ਯੋਗਤਾ ਦੇ ਆਧਾਰ 'ਤੇ ਕੇਂਦਰ ਜਾਂ ਰਾਜ ਸਰਕਾਰ ਦੀਆਂ ਹੋਰ ਏਜੰਸੀਆਂ ਤੋਂ ਮੈਰਿਟ ਵਜ਼ੀਫਾ ਵੀ ਲੈ ਸਕਣਗੇ। ਇਸ ਫੈਸਲੇ ਨਾਲ ਹੋਣਹਾਰ ਲੋੜਵੰਦ ਬੱਚਿਆਂ ਨੂੰ ਦੋਹਰਾ ਵਿੱਤੀ ਲਾਭ ਮਿਲ ਸਕੇਗਾ। ਸਕੀਮ ਦਾ ਮਕਸਦ ਆਰਥਿਕ ਤੰਗੀ ਕਾਰਨ ਪੜ੍ਹਾਈ ਵਿਚਾਲੇ ਛੱਡਣ ਵਾਲੇ ਬੱਚਿਆਂ ਦੀ ਮਦਦ ਕਰਨਾ ਹੈ।

# ਜਲ੍ਹਿਆਂਵਾਲਾ ਬਾਗ ਦੇ ਖੁੱਲ੍ਹਣ ਤੇ ਬੰਦ ਹੋਣ ਦੇ ਸਮੇਂ 'ਚ ਤਬਦੀਲੀ

ਅੰਮ੍ਰਿਤਸਰ (ਮਨਦੀਪ ਕੌਰ)-ਮੌਸਮ 'ਚ ਹਲਕੀ ਜਿਹੀ ਤਬਦੀਲੀ ਆਉਂਦਿਆਂ ਹੀ ਜਲ੍ਹਿਆਂਵਾਲਾ ਬਾਗ ਸਮਾਰਕ ਦੇ ਖੁੱਲਣ ਅਤੇ ਬੰਦ ਹੋਣ ਦਾ ਸਮਾਂ ਤਬਦੀਲ ਕਰ ਦਿੱਤਾ ਗਿਆ ਹੈ। ਜਲਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਟਰੱਸਟ ਵਲੋਂ ਜਾਰੀ ਆਦੇਸ਼ਾਂ ਦੇ ਚੱਲਦਿਆਂ ਰਾਸ਼ਟਰੀ ਤੇ ਵਿਰਾਸਤੀ ਸਮਾਰਕ ਦੀ ਹੈਸੀਅਤ ਰੱਖਣ ਵਾਲਾ ਇਹ ਸਮਾਰਕ ਹੁਣ ਆਮ ਨਾਗਰਿਕਾਂ ਲਈ ਸਵੇਰੇ 7 ਵਜੇ ਖੋਲ੍ਹਿਆ ਜਾਵੇਗਾ ਤੇ ਸ਼ਾਮ ਨੂੰ ਸਮਾਰਕ 6.30 ਵਜੇ ਬੰਦ ਕਰ ਦਿੱਤਾ ਜਾਵੇਗਾ। ਜਲ੍ਹਿਆਂਵਾਲਾ ਬਾਗ ਵਿਖੇ ਸੁਰੱਖਿਆ ਲਈ ਤਾਇਨਾਤ ਏ. ਐੱਸ. ਆਈ. ਬਲਦੇਵ ਸਿੰਘ ਨੇ ਸੀ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬਾਗ ਵਿਖੇ ਸੈਂਟਰਲ ਸਮਾਰਕ 'ਤੇ ਪੰਜਾਬੀ 'ਚ ਵਿਖਾਇਆ ਜਾਣ ਵਾਲਾ ਆਵਾਜ਼ ਤੇ ਰੌਸ਼ਨੀ ਸ਼ੋਅ ਹੁਣ ਸ਼ਾਮ 6.30 ਵਜੇ ਤੋਂ ਰਾਤ 7 ਵਜੇ ਤਕ ਵਿਖਾਇਆ ਜਾਵੇਗਾ। ਜਦਕਿ ਹਿੰਦੀ ਸ਼ੋਅ ਦਾ ਸਮਾਂ 7.15 ਤੋਂ 7.45 ਵਜੇ ਤਕ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਮੇਂ 'ਚ ਕੀਤੀ ਤਬਦੀਲੀ ਦੇ ਚੱਲਦਿਆਂ ਬਾਗ ਵਿਚਲੀਆਂ ਗੈਲਰੀਆਂ ਅਤੇ ਹੋਰ ਸਮਾਰਕ ਸ਼ਾਮ 6.30 ਵਜੇ ਬੰਦ ਕਰ ਦਿੱਤੇ ਜਾਣਗੇ।

